Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-

# ਖੇਤੀ ਦੁਨੀਆਂ

www.khetiduniyan.in
Postage Regd. No. PB/PTA/0338/2025-2027

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 400/- ਰੁਪਏ
ਦੋ ਸਾਲ ਲਈ 700/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 15-11-2025 • Vol.43 No.46 • M. 90410-14575 • Page 16 E-mail : khetiduniyan1983@gmail.com

ਅੰਦਰ ਪੜ੍ਹੋ



ਕਣਕ ਦੇ ਬੀਜ ਦੀ ਸੋਧ ਇੰਝ ਕਰੋ

ਕਣਕ ਦੀ ਬਿਜਾਈ ਸਮੇਂ ਅਤੇ ਪਹਿਲੇ ਪਾਣੀ ਤੋਂ ਪਹਿਲਾਂ ਨਦੀਨ ਪ੍ਰਬੰਧਨ





ਝੋਨੇ ਦੀ ਪਰਾਲੀ ਦੀ ਸੰਭਾਲ ਤੇ ਕਣਕ ਦੀ ਬਿਜਾਈ ਦੀ ਤਿਆਰੀ

ਮੱਕੀ ਨੂੰ ਭਾਰਤ ਦਾ ਨਵਾਂ ਕੱਚਾ ਤੇਲ ਬਣਨਾ ਚਾਹੀਦਾ



### ਝੋਨੇ ਦੀ ਖਰੀਦ ’ਤੇ ਛੋਟ ਦਾ ਮਸਲਾ

# ਕੇਂਦਰ ਸਰਕਾਰ ਨੂੰ 6 ਹਫਤੇ ਬਾਅਦ ਜਾਗ ਆਈ, ਝੋਨੇ ਦੀਆਂ ਖਰੀਦ ਸ਼ਰਤਾਂ ਵਿੱਚ ਦਿੱਤੀ ਛੋਟ

ਪੰਜਾਬ ਵਿੱਚ ਝੋਨੇ ਦੀ ਖਰੀਦ ਜਦੋਂ ਆਖਰੀ ਪੜਾਅ ’ਤੇ ਹੈ, ਤਾਂ ਕੇਂਦਰ ਸਰਕਾਰ ਨੇ ਪੰਜਾਬ ਨੂੰ ਖਰੀਦ ਮਾਪਦੰਡਾਂ ਵਿੱਚ ਛੋਟ ਐਲਾਨ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ 30 ਸਤੰਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਹੜ੍ਹਾਂ ਦੀ ਮਾਰ ਦੇ ਮੱਦੇਨਜ਼ਰ ਝੋਨੇ ਦੇ ਖਰੀਦ ਮਾਪਦੰਡਾਂ ਵਿੱਚ ਛੋਟ ਦੀ ਮੰਗ ਉਠਾਈ ਸੀ। ਇਸੇ ਤਰ੍ਹਾਂ, ਪੰਜਾਬ ਸਰਕਾਰ ਨੇ 12 ਅਕਤੂਬਰ ਨੂੰ ਕੇਂਦਰੀ ਖਪਤਕਾਰ ਮਾਮਲਿਆਂ ਬਾਰੇ ਮੰਤਰਾਲੇ ਨੂੰ ਛੋਟ ਵਾਸਤੇ ਪੱਤਰ ਲਿਖਿਆ ਸੀ। ਪੰਜਾਬ ਵਿੱਚ ਅੱਜ ਤੱਕ 152.69 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਹੋ ਚੁੱਕੀ ਹੈ ਅਤੇ ਬਹੁਤ ਘੱਟ ਮਾਤਰਾ ਵਿੱਚ ਝੋਨਾ ਮੰਡੀਆਂ ਵਿੱਚ ਆ ਰਿਹਾ ਹੈ।

**★ ਪੰਜਾਬ ਨੂੰ ਝੋਨੇ ਦੀ ਖਰੀਦ ਦੇ ਮਾਪਦੰਡਾਂ ਵਿੱਚ ਛੋਟ ਦਿੱਤੀ ★ ਖਰੀਦ ਆਖਰੀ ਪੜਾਅ ’ਤੇ ਪੁੱਜੀ**

ਐਤਕੀਂ ਹੜ੍ਹਾਂ ਕਾਰਨ ਫ਼ਸਲ ਦੀ ਪੈਦਾਵਾਰ ਘੱਟ ਹੈ, ਪਰ ਪੰਜਾਬ ਵਿੱਚ ਚੌਲ ਮਿੱਲਾਂ ਦੀ ਗਿਣਤੀ ਵੱਧ ਹੈ। ਮਿੱਲ ਮਾਲਕਾਂ ਨੇ ਬਿਨਾਂ ਕਿਸੇ ਨਖਰੇ ਤੋਂ ਝੋਨਾ ਮੰਡੀਆਂ ਵਿੱਚੋਂ ਹੱਥੋਂ-ਹੱਥ ਚੁੱਕਿਆ ਹੈ। ਫ਼ਸਲ ਦੀ ਗੁਣਵੱਤਾ ਦੇ ਮਾਪਦੰਡਾਂ ਬਾਰੇ ਪੂਰੇ ਸੀਜ਼ਨ ਦੌਰਾਨ ਕੋਈ ਮਾਮਲਾ ਸਾਹਮਣੇ ਨਹੀਂ ਆਇਆ। ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਤੇ ਜਨਤਕ ਵੰਡ ਮੰਤਰਾਲੇ ਦੇ ਅੱਜ ਜਾਰੀ ਪੱਤਰ ਅਨੁਸਾਰ ਫ਼ਸਲ ਦੀ



ਬਦਰੰਗ/ਡੈਮੇਜ/ਟੁੱਟ ਹੁਣ ਪੰਜ ਫੀਸਦੀ ਤੋਂ ਵਧਾ ਕੇ 10 ਫੀਸਦੀ ਕਰ ਦਿੱਤੀ ਗਈ ਹੈ। ਇਹ ਵੀ ਸ਼ਰਤ ਲਗਾਈ ਹੈ ਕਿ ਫ਼ਸਲ ਦਾ ਪੂਰਾ ਕਾਲਾ ਦਾਣਾ ਚਾਰ ਫੀਸਦੀ ਤੋਂ ਵੱਧ ਨਾ ਹੋਵੇ। ਇਹ ਛੋਟ ਚਾਲੂ ਸੀਜ਼ਨ 2025-26 ਲਈ ਤੈਅ ਕੀਤੀ ਗਈ ਹੈ। ਖਰੀਦ ਮਾਪਦੰਡਾਂ ਵਿੱਚ ਛੋਟ ਤਹਿਤ ਆਉਣ ਵਾਲੀ ਫ਼ਸਲ ਦਾ ਭੰਡਾਰਨ ਵੱਖਰਾ ਕਰਨ ਵਾਸਤੇ ਕਿਹਾ ਹੈ। ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਪੂਰਤੀ ਕਰਨੀ, ਹੁਣ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ।

ਕੇਂਦਰ ਸਰਕਾਰ ਨੇ ਕਿਹਾ ਹੈ ਕਿ ਜੋ ਛੋਟ ਤਹਿਤ ਝੋਨਾ ਖਰੀਦਿਆ ਜਾਵੇਗਾ, ਉਸ ਦੀ ਛੰਡਾਈ ਫੌਰੀ ਕਰਾਈ ਜਾਵੇ, ਤਾਂ ਜੋ ਕਿਸੇ ਤਰ੍ਹਾਂ ਦੇ ਨੁਕਸਾਨ ਤੋਂ ਬਚਿਆ ਜਾ ਸਕੇ। ਪੱਤਰ ਵਿੱਚ ਚੌਲਾਂ ਦੇ ਮਾਪਦੰਡਾਂ ’ਤੇ ਕੋਈ ਛੋਟ ਨਹੀਂ ਦਿੱਤੀ ਗਈ ਹੈ। ਕੇਂਦਰ ਸਰਕਾਰ ਨੇ ਪੱਤਰ ਵਿੱਚ ਕਿਹਾ ਹੈ ਕਿ ਪੰਜਾਬ ਦੇ ਕਿਸਾਨਾਂ ਦੀਆਂ ਮੁਸ਼ਕਿਲਾਂ ਘਟਾਉਣ ਵਾਸਤੇ ਖਰੀਦ ਮਾਪਦੰਡਾਂ ਵਿੱਚ ਛੋਟ ਦਿੱਤੀ ਗਈ ਹੈ।

## ਝੋਨੇ ਦੀ ਆਮਦ ਤੇ ਖਰੀਦ ਪੱਖੋਂ ਸੰਗਰੂਰ ਜ਼ਿਲ੍ਹਾ ਮੋਹਰੀ

ਝੋਨੇ ਦੇ ਮੌਜੂਦਾ ਖਰੀਦ ਸੀਜ਼ਨ ਵਿੱਚ ਸੰਗਰੂਰ ਜ਼ਿਲ੍ਹਾ ਆਮਦ ਅਤੇ ਖਰੀਦ ਦੋਵਾਂ ਪੱਖੋਂ ਪਹਿਲੇ ਸਥਾਨ ’ਤੇ ਹੈ। ਝੋਨੇ ਦੀ ਖਰੀਦ ਦੇ ਸੰਬੰਧ ਵਿੱਚ 11 ਨਵੰਬਰ ਤੱਕ ਮੰਡੀਆਂ ਵਿੱਚ ਕੁੱਲ 15376697.06 ਲੱਖ ਮੀਟਰਕ ਟਨ (ਐਨ. ਐਮ. ਟੀ.) ਝੋਨੇ ਦੀ ਆਮਦ ਹੋਈ, ਜਿਸ ਵਿੱਚੋਂ 15269488.62 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ



ਕੀਤੀ ਜਾ ਚੁੱਕੀ ਹੈ, ਜੋ ਕਿ 99 ਫੀਸਦੀ ਦੇ ਅੰਕੜੇ ਨੂੰ ਪਾਰ ਕਰਦਾ ਹੈ। ਜਿੱਥੋਂ ਤੱਕ ਲਿਫਟਿੰਗ ਦਾ ਸੰਬੰਧ ਹੈ, ਤਾਂ ਖਰੀਦੀ ਗਈ ਫ਼ਸਲ ਵਿੱਚੋਂ 13854981.49 ਮੀਟਰਕ ਟਨ ਝੋਨੇ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ, ਜੋ ਕਿ 90 ਫੀਸਦੀ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ। ਸੰਗਰੂਰ ਜ਼ਿਲ੍ਹੇ ਨੇ 1330792.77 ਮੀਟਰਕ ਟਨ ਝੋਨੇ ਦੀ ਆਮਦ ਅਤੇ 1328302.88 ਮੀਟਰਕ ਟਨ ਖਰੀਦ ਨਾਲ ਪਹਿਲਾ ਸਥਾਨ ਹਾਸਲ ਕੀਤਾ ਹੈ। ਬਠਿੰਡਾ ਨੇ 1303454.28 ਮੀਟਰਕ ਟਨ ਆਮਦ ਅਤੇ 1253400.2 ਮੀਟਰਕ ਟਨ ਖਰੀਦ ਨਾਲ ਦੂਜਾ ਸਥਾਨ ਹਾਸਲ ਕੀਤਾ ਹੈ ਅਤੇ ਪਟਿਆਲਾ ਜ਼ਿਲ੍ਹਾ 1120786.79 ਮੀਟਰਕ ਟਨ ਝੋਨੇ ਦੀ ਆਮਦ ਅਤੇ 1120772.77 ਮੀਟਰਕ ਟਨ ਖਰੀਦ ਨਾਲ ਤੀਜੇ ਸਥਾਨ ’ਤੇ ਹੈ। ਲਿਫਟਿੰਗ ਦੇ ਮਾਮਲੇ ਵਿੱਚ ਪਟਿਆਲਾ ਹੁਣ ਤੱਕ 1087806.56 ਮੀਟਰਕ ਟਨ ਝੋਨੇ ਦੀ ਲਿਫਟਿੰਗ ਨਾਲ ਪਹਿਲੇ ਸਥਾਨ ’ਤੇ ਹੈ, ਸੰਗਰੂਰ 1083766.01 ਮੀਟਰਕ ਟਨ ਨਾਲ ਦੂਜੇ ਸਥਾਨ ’ਤੇ ਹੈ ਅਤੇ ਬਠਿੰਡਾ ਨੇ 1070364.39 ਮੀਟਰਕ ਟਨ ਲਿਫਟਿੰਗ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ।



# ਕੀ ਦੇਸ਼ ਖ਼ੁਰਾਕ ਦੇ ਖੇਤਰ ਵਿੱਚ ਆਤਮ-ਨਿਰਭਰ ਹੈ?





ਡਾ. ਅਮਨਪ੍ਰੀਤ ਸਿੰਘ ਬਰਾੜ
ਮੋ. 96537-90000

ਖ਼ੁਰਾਕ ਜੀਵਨ ਦੀ ਮੁੱਢਲੀ ਲੋੜ ਹੈ ਪਰ ਆਮ ਤੌਰ 'ਤੇ ਅਸੀਂ ਪਾਣੀ ਦੀ ਹੀ ਗੱਲ ਕਰਦੇ ਹਾਂ ਕਿ ਪਾਣੀ ਜੀਵਨ ਹੈ। ਅਸਲ ਵਿੱਚ ਖ਼ੁਰਾਕ ਪਾਣੀ ਤੋਂ ਪੈਦਾ ਹੁੰਦੀ ਹੈ। ਜਿੱਥੇ ਪਾਣੀ ਹੈ, ਉੱਥੇ ਹੀ ਖ਼ੁਰਾਕ ਪੈਦਾ ਹੋਵੇਗੀ ਤੇ ਜਿੱਥੇ ਖ਼ੁਰਾਕ ਹੈ, ਉੱਥੇ ਸਿਹਤਮੰਦ ਤੇ ਨਰੋਆ ਜੀਵਨ ਹੈ। ਇਨਸਾਨ ਨੇ ਤਰੱਕੀ ਤਾਂ ਬਹੁਤ ਕਰ ਲਈ ਪਰ ਅੱਜ ਵੀ ਵਿਸ਼ਵ ਖ਼ੁਰਾਕੀ ਸੰਕਟ ਤੋਂ ਨਿਸ਼ਚਿੰਤ ਨਹੀਂ ਹੋਇਆ। ਅੱਜ ਵੀ ਕਈ ਦੇਸ਼ਾਂ ਵਿੱਚ ਆਬਾਦੀ ਦਾ ਅਤੀ ਗਰੀਬ ਵਰਗ ਰੋਜ਼ਾਨਾ ਰੋਟੀ ਨਹੀਂ ਖਾ ਸਕਦਾ। ਸਾਡੇ ਆਪਣੇ ਦੇਸ਼ ਵਿੱਚ 80 ਕਰੋੜ ਤੋਂ ਵੱਧ ਲੋਕਾਂ ਨੂੰ ਪੰਜ ਕਿਲੋ ਅਨਾਜ ਮੁਫ਼ਤ ਮੁਹੱਈਆ ਕਰਵਾਇਆ ਜਾ ਰਿਹਾ ਹੈ। ਫਿਰ ਵੀ ਸਾਡਾ ਦੇਸ਼ ਭੁੱਖਮਰੀ ਵਿੱਚ 122 ਦੇਸ਼ਾਂ ਵਿੱਚੋਂ 102ਵੇਂ ਸਥਾਨ 'ਤੇ ਹੈ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਸੰਯੁਕਤ ਰਾਸ਼ਟਰ ਨੇ 1945 ਤੋਂ 16 ਅਕਤੂਬਰ ਦਾ ਦਿਨ ਵਿਸ਼ਵ ਖ਼ੁਰਾਕ ਦਿਵਸ ਵਜੋਂ ਮਨਾਉਣਾ ਸ਼ੁਰੂ ਕੀਤਾ ਸੀ। ਉਸ ਵੇਲੇ ਖ਼ੁਰਾਕ ਪੱਖੋਂ ਭਾਰਤ ਦੀ ਸਥਿਤੀ ਵੀ ਕਾਫ਼ੀ ਨਾਜ਼ੁਕ ਸੀ। ਇੱਥੋਂ ਤੱਕ ਕਿ 1965 ਦੀ ਭਾਰਤ-ਪਾਕਿਸਤਾਨ ਜੰਗ 'ਤੇ ਵੀ ਖ਼ੁਰਾਕ ਪੱਖੋਂ ਆਤਮਨਿਰਭਰ ਨਾ ਹੋਣ ਦਾ ਅਸਰ ਪਿਆ ਸੀ। ਉਸ ਵੇਲੇ ਅਸੀਂ ਅਮਰੀਕਾ ਤੋਂ ਪੀਐੱਲ-480 ਕਾਨੂੰਨ ਹੇਠ ਕਣਕ ਮੰਗਵਾਉਂਦੇ ਸਾਂ। ਪੀਐੱਲ (ਪਬਲਿਕ ਲਾਅ) ਦਾ ਮਤਲਬ ਸੀ ਕਿ ਕਣਕ ਦੀ ਕੀਮਤ ਦਾ ਪੈਸਾ ਭਾਰਤ ਵਿੱਚ ਹੀ ਖ਼ਰਚਿਆ ਜਾਵੇਗਾ। ਅਮਰੀਕਾ ਨੇ ਧਮਕੀ ਦਿੱਤੀ ਸੀ ਕਿ ਜੇ ਜੰਗ ਨਹੀਂ ਰੋਕਦੇ ਤਾਂ ਅਸੀਂ ਇਸ ਕਾਨੂੰਨ ਅਧੀਨ ਕਣਕ ਦੇਣੀ ਬੰਦ ਕਰ ਦੇਵਾਂਗੇ। ਉਸ ਸਮੇਂ ਭਾਰਤ ਸਰਕਾਰ ਨੇ ਖ਼ੁਰਾਕੀ ਆਤਮਨਿਰਭਰਤਾ ਵਧਾਉਣ ਲਈ ਜਿੱਥੇ ਖੇਤੀ ਵਿੱਚ ਨਵੀਆਂ ਖੋਜਾਂ ਅਤੇ ਤਕਨੀਕਾਂ ਵੱਲ ਕਦਮ ਵਧਾਏ, ਉੱਥੇ ਹੀ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਉਪਜ ਨੂੰ ਮਿੱਥੇ ਭਾਅ 'ਤੇ ਖ਼ਰੀਦਣ ਦਾ ਵਾਅਦਾ ਵੀ ਕੀਤਾ, ਜਿਸ ਨੂੰ ਐਮ. ਐੱਸ. ਪੀ. (ਘੱਟੋ-ਘੱਟ ਸਮਰਥਨ ਮੁੱਲ) ਦਾ ਨਾਂਅ ਦਿੱਤਾ ਗਿਆ। ਸੋਚਣ ਵਾਲੀ ਗੱਲ ਇਹ ਹੈ ਕਿ, ਕੀ ਅਸੀਂ ਅਨਾਜ ਸੰਬੰਧੀ ਵਾਕਿਆ ਹੀ ਆਤਮਨਿਰਭਰ ਹਾਂ? ਸਵਾਲ ਇਹ ਹੈ ਕਿ ਜੇ ਆਤਮ-ਨਿਰਭਰ ਹਾਂ ਤਾਂ ਭੁੱਖਮਰੀ ਸੂਚੀ ਵਿੱਚ ਪਿੱਛੇ ਕਿਉਂ ਹਾਂ?

ਸੰਯੁਕਤ ਰਾਸ਼ਟਰ ਦੀ ਖ਼ੁਰਾਕ ਤੇ ਖੇਤੀਬਾੜੀ ਸੰਸਥਾ ਨੇ ਭੋਜਨ ਆਤਮ-ਨਿਰਭਰਤਾ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਹੈ। ਪਹਿਲਾ ਜੇ ਪੈਦਾਵਾਰ ਲੋੜ ਤੋਂ 80 ਫ਼ੀਸਦੀ ਤੋਂ ਘੱਟ ਹੋਏ ਤਾਂ ਉੱਥੇ ਭੁੱਖਮਰੀ ਹੈ, ਦੂਜਾ ਜੇ ਲੋੜ ਤੋਂ 80 ਤੋਂ 120 ਫ਼ੀਸਦੀ ਹੋਏ ਤਾਂ ਆਤਮਨਿਰਭਰ ਅਤੇ ਤੀਜਾ ਜੇ 120 ਫ਼ੀਸਦੀ ਤੋਂ ਵੱਧ ਹੋਵੇ ਤਾਂ ਸਰਪਲੱਸ ਹੈ। ਸਾਡਾ ਦੇਸ਼ ਇਸ ਵੇਲੇ ਦੂਜੇ ਗਰੁੱਪ ਵਿੱਚ ਚੀਨ, ਬੋਲੀਵੀਆ ਅਤੇ ਤਨਜ਼ਾਨੀਆ ਨਾਲ ਆਤਮਨਿਰਭਰਤਾ ਵਿੱਚ ਆਉਂਦਾ ਹੈ।

ਅੱਜ ਅਸੀਂ ਇਸ ਗੱਲ ਦੀ ਘੋਖ ਕਰਦੇ ਹਾਂ ਕਿ ਖਾਣ ਵਾਲੀਆਂ ਵਸਤੂਆਂ ਦੀ ਕੁੱਲ ਪੈਦਾਵਾਰ ਸਾਡੇ ਦੇਸ਼ ਵਿੱਚ ਕਿੰਨੀ ਹੈ ਤੇ ਕੀ ਉਹ ਪ੍ਰਤੀ ਜੀਅ ਨਿਰਧਾਰਤ ਖ਼ੁਰਾਕ ਦੇ ਬਰਾਬਰ ਹੈ। ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਪਹਿਲੀ ਵਾਰ 1962 ਵਿੱਚ ਇੱਕ ਸਰਵੇਖਣ ਹੋਇਆ ਸੀ ਕਿ ਕਿੰਨੇ ਲੋਕ ਦੇਸ਼ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਹਨ। ਇਸ ਲਈ ਪਹਿਲੀ ਵਾਰ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਨੇ ਨਿਰਧਾਰਤ ਕੀਤਾ ਕਿ ਆਮ ਇਨਸਾਨ ਦੀ ਚੰਗੀ ਸਿਹਤ ਲਈ ਰੋਜ਼ਾਨਾ ਪੇਂਡੂ ਖੇਤਰ ਵਿੱਚ 2400 ਕਿੱਲੋ ਕੈਲੋਰੀ ਤੇ ਸ਼ਹਿਰੀ ਖੇਤਰ ਲਈ 2100 ਕਿੱਲੋ ਕੈਲੋਰੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਜਿਸ ਇਨਸਾਨ ਦੀ ਖ਼ੁਰਾਕ ਦੀ ਲੋੜ ਪੂਰੀ ਨਹੀਂ ਹੁੰਦੀ, ਉਸ ਨੂੰ ਗਰੀਬੀ ਰੇਖਾ ਤੋਂ ਹੇਠਾਂ ਗਿਣਿਆ ਜਾਵੇ। ਹੁਣ ਗੱਲ ਕਰਦੇ ਹਾਂ ਭਾਰਤ ਦੀ ਆਬਾਦੀ ਦੀ, ਜੋ ਸੰਯੁਕਤ ਰਾਸ਼ਟਰ ਦੇ ਅੰਕੜਿਆਂ ਮੁਤਾਬਕ 2024 ਵਿੱਚ 145 ਕਰੋੜ ਹੈ। ਭਾਰਤ ਵਿੱਚ ਇਸ ਸਮੇਂ ਪੈਦਾ ਹੁੰਦੀ ਖ਼ੁਰਾਕ ਦੇ ਹਿਸਾਬ ਨਾਲ ਪ੍ਰਤੀ ਜੀਅ, ਪ੍ਰਤੀ ਦਿਨ 210 ਗ੍ਰਾਮ ਚੌਲ, 190 ਗ੍ਰਾਮ ਕਣਕ, 59 ਗ੍ਰਾਮ ਮੋਟਾ ਅਨਾਜ (ਮੱਕੀ, ਬਾਜਰਾ, ਰਾਗੀ ਆਦਿ), 28 ਗ੍ਰਾਮ ਦਾਲਾਂ, 31 ਗ੍ਰਾਮ ਖਾਣ ਵਾਲਾ ਤੇਲ, 200 ਗ੍ਰਾਮ ਫ਼ਲ ਤੇ ਸਬਜ਼ੀਆਂ, 375 ਗ੍ਰਾਮ ਦੁੱਧ, 24 ਗ੍ਰਾਮ ਮੱਛੀ, 15 ਗ੍ਰਾਮ ਮੀਟ ਅਤੇ ਹਰ 5 ਦਿਨ ਬਾਅਦ ਇੱਕ ਆਂਡਾ ਦਿੱਤਾ ਜਾ ਸਕਦਾ ਹੈ। ਮੈਂ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅੰਕੜੇ ਕੁੱਲ ਪੈਦਾਵਾਰ 'ਤੇ ਆਧਾਰਿਤ ਹਨ। ਜੋ ਅੰਨ, ਫਲ, ਸਬਜ਼ੀਆਂ ਖ਼ਰਾਬ ਹੋ ਜਾਂਦੇ ਹਨ, ਉਸ ਨਾਲ ਇਹ ਉਪਲਬਧਤਾ ਹੋਰ ਘੱਟ ਜਾਵੇਗੀ। ਇਸ ਵਿੱਚੋਂ ਬਾਹਰ ਕਿੰਨਾ ਭੇਜਿਆ ਜਾਂਦਾ ਹੈ, ਜਿਵੇਂ ਚੌਲ, ਕਣਕ, ਮੀਟ ਆਦਿ ਅਤੇ ਇਸੇ ਭੋਜਨ ਵਿੱਚੋਂ ਪਾਲਤੂ ਜਾਨਵਰਾਂ ਜਿਵੇਂ ਡੇਅਰੀ ਵਾਲੇ ਪਸ਼ੂ, ਪੋਲਟਰੀ ਵਾਲੀਆਂ ਮੁਰਗੀਆਂ ਅਤੇ ਹੋਰ ਘਰੇਲੂ ਜਾਨਵਰਾਂ ਨੂੰ ਵੀ ਖ਼ੁਰਾਕ ਦਿੱਤੀ ਜਾਂਦੀ ਹੈ। ਜੇ ਮੰਨ ਲਈਏ ਇਹ ਸਾਰੀ ਦੀ ਸਾਰੀ ਪੈਦਾਵਾਰ ਦੇਸ਼ ਵਿੱਚ ਹੀ ਖ਼ਪਤ ਹੋਵੇ ਤੇ ਮਨੁੱਖਾਂ ਲਈ ਹੀ ਵਰਤੀ ਜਾਵੇ, ਫਿਰ ਵੀ ਪ੍ਰਤੀ ਜੀਅ 1845 ਕਿਲੋ ਕੈਲਰੀ ਬਣਦੀ ਹੈ, ਮਤਲਬ 2100 ਜਾਂ 2400 ਕਿਲੋ ਕੈਲਰੀ ਦੇ ਨੇੜੇ ਵੀ ਨਹੀਂ। ਜੇ ਇਸ ਦੀ ਔਸਤ ਵੀ ਕੱਢੀ ਜਾਵੇ ਭਾਵ 65 ਫ਼ੀਸਦੀ ਪੇਂਡੂ ਆਬਾਦੀ ਤੇ 35 ਫ਼ੀਸਦੀ ਸ਼ਹਿਰੀ ਆਬਾਦੀ ਲਈ ਜਾਵੇ ਤਾਂ ਉਹ 2295 ਕਿਲੋ ਕੈਲਰੀ ਬਣਦੀ ਹੈ, ਮਤਲਬ 450 ਕਿਲੋ ਕੈਲਰੀ ਪ੍ਰਤੀ ਜੀਅ ਦਿਨ ਲੋੜ ਨਾਲੋਂ ਘੱਟ ਖ਼ੁਰਾਕ ਹੈ। ਇਸ ਦਾ ਮਤਲਬ ਇਹ ਹੈ ਕਿ ਜੋ ਅਸਲ ਖ਼ੁਰਾਕ ਉਪਲਬਧ ਹੈ, ਉਹ ਲੋੜ ਤੋਂ 24 ਫ਼ੀਸਦੀ ਘੱਟ ਹੈ। ਪੰਜਾਬੀਆਂ ਨੂੰ ਸ਼ਾਇਦ ਮੇਰੀਆਂ ਗੱਲਾਂ 'ਤੇ ਹੈਰਾਨਗੀ ਹੋਵੇਗੀ, ਪਰ ਇਹ ਦੇਸ਼ ਦੀ ਸੱਚਾਈ ਹੈ। ਇਸ ਨਾਲ ਇੱਕ ਸੱਚਾਈ ਹੋਰ ਵੀ ਹੈ ਕਿ ਸਾਰੀ ਆਬਾਦੀ ਨੂੰ ਰੱਜਵੀਂ ਰੋਟੀ ਨਹੀਂ ਮਿਲਦੀ। ਇੱਕ ਪਾਸੇ ਅਨਾਜ ਖ਼ਰਾਬ ਹੋ ਰਿਹਾ ਹੈ, ਦੂਜੇ ਪਾਸੇ ਸਾਰੀਆਂ ਸਰਕਾਰਾਂ ਰੋਟੀ ਮੁਹੱਈਆ ਕਰਨ ਤੋਂ ਵੀ ਅਸਮਰੱਥ ਹਨ। ਇਸ ਦਾ ਸਬੂਤ ਹੈ ਪ੍ਰਤੀ ਜੀਅ 5 ਕਿਲੋ ਦਾਣੇ ਤੇ ਪ੍ਰਤੀ ਪਰਿਵਾਰ ਮਗਰ ਦੋ ਕਿਲੋ ਦਾਲ, ਮਤਲਬ ਰੋਜ਼ਾਨਾ 167 ਗ੍ਰਾਮ ਕਣਕ ਜਾਂ ਚੌਲ ਤੇ 13 ਗ੍ਰਾਮ ਦਾਲ ਨਾਲ 24 ਘੰਟੇ ਗੁਜ਼ਾਰਾ ਕਰਨਾ, ਜੋ ਅਸੰਭਵ ਹੈ। ਅਸਲੀਅਤ ਹੈ ਕਿ ਲੋਕਾਂ ਕੋਲ ਕੰਮ ਨਹੀਂ, ਕੰਮ ਨਹੀਂ ਤਾਂ ਪੈਸੇ ਨਹੀਂ, ਪੈਸੇ ਨਹੀਂ ਤਾਂ ਅੰਨ ਖ਼ਰੀਦਣ ਦੀ ਸਮਰੱਥਾ ਨਹੀਂ ਤੇ ਆਬਾਦੀ ਦਾ ਪਛੜਿਆ ਹਿੱਸਾ ਰੱਜ ਕੇ ਰੋਟੀ ਖਾਣ ਤੋਂ ਅਸਮਰੱਥ ਹੈ। ਸਰਕਾਰਾਂ ਆਪਣੀ ਪਿੱਠ ਥਾਪੜ ਰਹੀਆਂ ਹਨ ਕਿ ਸਾਡੇ ਅੰਨ ਭੰਡਾਰ ਭਰੇ ਹੋਏ ਹਨ।

ਅਸਲ ਵਿੱਚ ਖ਼ੁਰਾਕ ਵਾਧੂ ਨਹੀਂ, ਲੋਕਾਂ ਕੋਲ ਭੋਜਨ ਖਰੀਦਣ ਦੇ ਸਾਧਨ ਹੀ ਘੱਟ ਹਨ। ਇਸ ਲਈ ਸਰਕਾਰ ਨੂੰ ਖੇਤੀ ਪੈਦਾਵਾਰ ਵਧਾਉਣ ਦੀ ਲੋੜ ਹੈ, ਜਿਸ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨਾ ਹੋਵੇਗਾ। ਕਿਸਾਨਾਂ ਨੂੰ ਖੇਤੀ ਵਿੱਚ ਵਰਤੋਂ ਵਾਲੀਆਂ ਵਸਤੂਆਂ ਜਿਵੇਂ ਸੋਧੇ ਹੋਏ ਬੀਜ, ਰਸਾਇਣਕ ਖਾਦਾਂ ਤੇ ਪੌਦ ਸੁਰੱਖਿਆ ਵਾਲੇ ਰਸਾਇਣ ਚੰਗੀ ਗੁਣਵੱਤਾ ਵਾਲੇ ਵਾਜਬ ਭਾਅ 'ਤੇ ਮੁਹੱਈਆ ਕਰਾਉਣੇ ਚਾਹੀਦੇ ਹਨ। ਇਸ ਨਾਲ ਹੀ ਖੇਤੀ ਉਪਜ ਵਾਜਬ ਭਾਅ 'ਤੇ ਬਿਨਾਂ ਕਿਸੇ ਖੱਜਲ-ਖੁਆਰੀ ਤੋਂ ਮੰਡੀਆਂ ਵਿੱਚ ਵਿਕੇਗੀ। ਪੰਜਾਬ ਵਿੱਚ ਪਿਛਲੇ ਸਾਲ ਤੋਂ ਝੋਨੇ ਦੇ ਭਾਅ 'ਤੇ ਕੱਟ ਲਾਉਣ ਦੀ ਨਵੀਂ ਪਿਰਤ ਨੂੰ ਸਰਕਾਰ ਵਲੋਂ ਸਖ਼ਤੀ ਨਾਲ ਰੋਕ ਲਾਉਣ ਦੀ ਲੋੜ ਹੈ। ਜੇ ਕਿਸਾਨ ਉਤਸ਼ਾਹਿਤ ਹੋ ਕੇ ਪੈਦਾਵਾਰ ਵਧਾਉਣਗੇ ਤਾਂ ਹੀ ਅਸੀਂ ਆਪਣੇ ਲੋਕਾਂ ਦੀ ਖ਼ੁਰਾਕ ਦੀ ਲੋੜ ਪੂਰੀ ਕਰ ਸਕਦੇ ਹਾਂ ਅਤੇ ਵਾਧੂ ਪੈਦਾਵਾਰ ਨਿਰਯਾਤ ਕਰਕੇ ਆਰਥਿਕਤਾ ਨੂੰ ਸੁਧਾਰ ਸਕਦੇ ਹਾਂ।

ਅਸਲ ਵਿੱਚ ਖ਼ੁਰਾਕ ਵਾਧੂ ਨਹੀਂ, ਲੋਕਾਂ ਕੋਲ ਭੋਜਨ ਖਰੀਦਣ ਦੇ ਸਾਧਨ ਹੀ ਘੱਟ ਹਨ। ਇਸ ਲਈ ਸਰਕਾਰ ਨੂੰ ਖੇਤੀ ਪੈਦਾਵਾਰ ਵਧਾਉਣ ਦੀ ਲੋੜ ਹੈ, ਜਿਸ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨਾ ਹੋਵੇਗਾ। ਕਿਸਾਨਾਂ ਨੂੰ ਖੇਤੀ ਵਿੱਚ ਵਰਤੋਂ ਵਾਲੀਆਂ ਵਸਤੂਆਂ ਜਿਵੇਂ ਸੋਧੇ ਹੋਏ ਬੀਜ, ਰਸਾਇਣਕ ਖਾਦਾਂ ਤੇ ਪੌਦ ਸੁਰੱਖਿਆ ਵਾਲੇ ਰਸਾਇਣ ਚੰਗੀ ਗੁਣਵੱਤਾ ਵਾਲੇ ਵਾਜਬ ਭਾਅ 'ਤੇ ਮੁਹੱਈਆ ਕਰਾਉਣੇ ਚਾਹੀਦੇ ਹਨ। ਇਸ ਨਾਲ ਹੀ ਖੇਤੀ ਉਪਜ ਵਾਜਬ ਭਾਅ 'ਤੇ ਬਿਨਾਂ ਕਿਸੇ ਖੱਜਲ-ਖੁਆਰੀ ਤੋਂ ਮੰਡੀਆਂ ਵਿੱਚ ਵਿਕੇਗੀ।

# ਖੇਤੀ ਜਿਣਸਾਂ ਦੀ ਪ੍ਰੋਸੈਸਿੰਗ ਨੂੰ ਤਵੱਜੋ ਦੇਣ ਵਾਲਾ ਬਛੋਹੀ ਪਰਿਵਾਰ

ਪੰਜਾਬ ਦੇ ਜ਼ਿਆਦਾਤਰ ਕਿਸਾਨ ਸਿਰਫ਼ ਉਤਪਾਦਕ ਬਣ ਕੇ ਰਹਿ ਗਏ ਹਨ ਅਤੇ ਉਹ ਆਪਣੀ ਉਪਜ ਵਿਚੋਲੇ (ਆੜ੍ਹਤੀ) ਨੂੰ ਘੱਟ ਰੇਟਾਂ ਤੇ ਵੇਚ ਕੇ ਅਤੇ ਉਪਜਾਂ ਤੋਂ ਤਿਆਰ ਕੀਤੇ ਉਤਪਾਦ ਆਪਣੀਆਂ ਘਰੇਲੂ ਲੋੜ੍ਹਾਂ ਦੀ ਪੂਰਤੀ ਵਾਸਤੇ ਵੱਧ ਕੀਮਤ ਤੇ ਖਰੀਦਦੇ ਹਨ। ਇਹਨਾਂ ਕਾਰਨਾਂ ਕਰਕੇ ਕਿਰਸਾਨੀ ਦੀ ਆਰਥਿਕਤਾ ਘੱਟ ਰਹੀ ਹੈ ਅਤੇ ਪੇਂਡੂ ਵਸੋਂ ਰੁਜ਼ਗਾਰ ਦੀ ਭਾਲ ਲਈ ਸ਼ਹਿਰਾਂ ਵੱਲ ਜਾ ਰਹੀ ਹੈ। ਇਸ ਕਰਕੇ ਇਹ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਕਿਸਾਨ ਆਪਣੇ ਪਿੰਡ ਵਿੱਚ ਹੀ ਖੇਤੀ ਆਧਾਰਿਤ ਕਾਰਖਾਨੇ ਸਥਾਪਿਤ ਕਰਕੇ ਆਪਣੀ ਆਮਦਨ ਵਿੱਚ ਵਾਧਾ ਕਰਨ ਅਤੇ ਪਿੰਡਾਂ ਵਿੱਚ ਹੀ ਰੁਜ਼ਗਾਰ ਪੈਦਾ ਕੀਤਾ ਜਾ ਸਕੇ। ਖੇਤੀ ਜਿਣਸਾਂ ਦੇ ਕਾਰਖਾਨੇ ਖੇਤਰ ਤੇ ਆਧਾਰਿਤ ਉਪਜ ਮੁਤਾਬਕ ਲਗਾਏ ਜਾਣ। ਖੇਤੀ ਜਿਣਸਾਂ ਦੀ ਪ੍ਰੋਸੈਸਿੰਗ ਦੀ ਮਹੱਤਤਾ ਨੂੰ ਦੇਖਦੇ ਹੋਏ, ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਛੋਹੀ ਦੇ ਵਸਨੀਕ, ਸ਼੍ਰੀ ਮਨੋਹਰ ਲਾਲ ਅਤੇ ਉਹਨਾਂ ਦੀ ਸੁਪੱਤਨੀ ਸ਼੍ਰੀਮਤੀ ਇੰਦਰਜੀਤ ਕੌਰ, ਖੇਤੀ ਜਿਣਸਾਂ ਦੀ ਪ੍ਰੋਸੈਸਿੰਗ ਵਧੀਆ ਢੰਗ ਨਾਲ ਕਰ ਰਹੇ ਹਨ।

ਸ਼੍ਰੀ ਮਨੋਹਰ ਲਾਲ ਨੇ ਸਰਹੱਦੀ ਸੜਕ ਸੰਗਠਨ ਵਿੱਚ ਸੇਵਾ ਕਰਨ ਉਪਰੰਤ ਖੇਤੀ ਜਿਣਸਾਂ ਦੀ ਪ੍ਰੋਸੈਸਿੰਗ ਦਾ ਧੰਦਾ ਕਰਨ ਦਾ ਬਣਾਇਆ ਅਤੇ ਇਸ ਪਰਿਵਾਰ ਨੇ ਖੇਤੀ ਜਿਣਸਾਂ ਦੀ ਪ੍ਰੋਸੈਸਿੰਗ ਬਾਬਤ ਵਿਚਾਰ ਵਟਾਂਦਰਾ ਕੀਤਾ ਅਤੇ ਆਪਣੇ ਪਿੰਡ ਬਛੋਹੀ ਵਿੱਚ ਹੀ ਮਈ, 2023 ਦੌਰਾਨ ਇੱਕ ਐਗਰੋ ਪ੍ਰੋਸੈਸਿੰਗ ਯੂਨਿਟ ਖੋਲ੍ਹਿਆ ਅਤੇ ਐਗਰੋ ਪ੍ਰੋਸੈਸਿੰਗ ਯੂਨਿਟ ਲਗਾਉਣ ਲਈ ਸਬਸਿਡੀ (ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ), ਭਾਰਤ ਸਰਕਾਰ ਦੇ ਅਦਾਰੇ ਤੋਂ ਪ੍ਰਾਪਤ ਕੀਤੀ। ਇਸ ਦੇ ਨਾਲ ਹੀ ਸ਼੍ਰੀ ਮਨੋਹਰ ਲਾਲ ਅਤੇ ਉਹਨਾਂ ਦੀ ਪਤਨੀ ਸ਼੍ਰੀਮਤੀ ਇੰਦਰਜੀਤ ਕੌਰ ਨੇ ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਤੋਂ ਖੇਤੀ ਜਿਣਸਾਂ ਦੀ ਪ੍ਰੋਸੈਸਿੰਗ ਬਾਬਤ ਕਿੱਤਾ ਮੁੱਖੀ ਸਿਖਲਾਈ ਵੀ ਪ੍ਰਾਪਤ ਕੀਤੀ।

**ਨਿਜੀ ਤਜ਼ਰਬੇ** : ਇਸ ਪਰਿਵਾਰ ਨੇ ਕਣਕ ਦੀ ਠੰਡੀ ਆਟਾ ਚੱਕੀ ਲਗਾਈ ਹੈ। ਇਸ ਤੋਂ ਇਲਾਵਾ ਉਹਨਾਂ ਨੇ ਹਲਦੀ, ਬੇਸਣ ਅਤੇ ਮਿਰਚਾਂ ਦੀ ਪਿਸਾਈ ਵਾਸਤੇ ਗਰਾਇੰਡਰ ਅਤੇ ਪਸ਼ੂਆਂ ਦੀ ਫੀਡ ਤਿਆਰ ਕਰਨ ਲਈ ਵੀ ਮਸ਼ੀਨ ਲਗਾਈ ਹੋਈ ਹੈ। ਇਸ ਸਾਰੇ ਯੂਨਿਟ ਨੂੰ ਸ੍ਰੀ ਮਨੋਹਰ ਲਾਲ ਅਤੇ ਉਹਨਾਂ ਦੀ ਪਤਨੀ ਆਪ ਚਲਾਉਂਦੇ ਹਨ। ਇਸ ਐਗਰੋ ਪ੍ਰੋਸੈਸਿੰਗ ਯੂਨਿਟ ਵਿੱਚ ਮੱਕੀ ਅਤੇ ਕਣਕ ਦਾ ਆਟਾ ਵੀ ਵੇਚਦੇ ਹਨ। ਗ੍ਰਾਹਕ ਇਹਨਾਂ ਦੇ ਪਦਾਰਥਾਂ ਦੀ ਗੁਣਵੰਤਾ ਤੋਂ ਬਹੁਤ ਸੰਤੁਸ਼ਟ ਹਨ। ਐਗਰੋ ਪ੍ਰੋਸੈਸਿੰਗ ਯੂਨਿਟ ਲਗਾਉਣ ਤੋਂ ਬਾਅਦ, ਇਸ ਪਰਿਵਾਰ ਦੀ ਆਰਥਿਕਤਾ ਸਥਿਤੀ ਵੀ ਮਜ਼ਬੂਤ ਹੋਈ ਹੈ। ਇਸ ਪਰਿਵਾਰ ਨੇ ਕੋਹਲੂ ਵੀ ਲਗਾਇਆ ਹੋਇਆ ਹੈ। ਸ਼੍ਰੀ ਮਨੋਹਰ ਲਾਲ ਦਾ ਮੰਨਣਾ ਹੈ ਕਿ ਬੀਜਾਂ ਵਿੱਚੋਂ ਪੱਥਰ, ਧੂੜ ਅਤੇ ਹੋਰ ਫੂਸ ਕਣਾਂ ਨੂੰ ਹਟਾਉਣ ਲਈ ਬੀਜ ਦੀ ਸਫਾਈ ਜ਼ਰੂਰੀ ਹੈ। ਕੋਹਲੂ ਵਿੱਚ ਪਿੜਾਈ ਕੀਤੇ ਜਾਣ ਵਾਲੇ ਬੀਜਾਂ ਵਿੱਚ ਨਮੀਂ 9-14 ਪ੍ਰਤੀਸ਼ਤ ਤੱਕ ਢੁਕਵੀਂ ਮੰਨੀ ਜਾਂਦੀ ਹੈ। ਪ੍ਰਾਪਤ ਹੋਏ ਤੇਲ ਨੂੰ 24 ਘੰਟੇ ਰੱਖਣ ਨਾਲ ਉਸ ਵਿਚਲੀ ਮੈਲ ਹੇਠਾਂ ਬੈਠ ਜਾਂਦੀ ਹੈ ਅਤੇ ਤੇਲ ਸਾਫ ਅਤੇ ਸਥਿਰ ਹੋ ਜਾਂਦਾ ਹੈ। ਇਹਨਾਂ ਨੇ ਆਪਣੇ ਐਗਰੋ ਪ੍ਰੋਸੈਸਿੰਗ ਯੂਨਿਟ ਨੂੰ ਐਫ. ਐਸ. ਐਸ. ਏ. ਆਈ (ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ਼ ਇੰਡੀਆ) ਅਧੀਨ ਪੰਜੀਕਰਨ ਵੀ ਕਰਵਾਇਆ ਹੋਇਆ ਹੈ।

**ਨਿੱਜੀ ਵਿਚਾਰ : ਇਸ ਪਰਿਵਾਰ ਦਾ ਮੰਨਣਾ ਹੈ ਕਿ** : ★ ਪਿੰਡਾਂ ਦੇ ਨੌਜਵਾਨ, ਪਿੰਡਾਂ ਵਿੱਚ ਹੀ ਖੇਤੀ ਆਧਾਰਿਤ ਕਾਰਖਾਨੇ ਸਥਾਪਿਤ ਕਰਕੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ। ★ ਪਿੰਡਾਂ ਵਿੱਚ ਖੇਤੀ ਅਧਾਰਿਤ ਕਾਰਖਾਨੇ ਸਥਾਪਿਤ ਕਰਕੇ ਰੁਜ਼ਗਾਰ ਵੀ ਪੈਦਾ ਕੀਤਾ ਜਾ ਸਕਦਾ ਹੈ। ★ ਖੇਤਰ ਦੇ ਆਧਾਰਿਤ ਉਪਜ ਮੁਤਾਬਕ ਹੀ ਕਾਰਖਾਨੇ ਵਿੱਚ ਮਸ਼ੀਨਰੀ ਲਗਾਉਣੀ ਚਾਹੀਦੀ ਹੈ ਤਾਂ ਜੋ ਕੱਚਾ ਮਾਲ ਘੱਟ ਮੁੱਲ ਤੇ ਵਧੀਆ ਕੁਆਲਿਟੀ ਵਿੱਚ ਆਸਾਨੀ ਨਾਲ ਮਿਲ ਸਕੇ।

**ਅਜੈਬ ਸਿੰਘ ਅਤੇ ਮਨਿੰਦਰ ਸਿੰਘ ਬੌਂਸ,**
**ਪੀ.ਏ.ਯੂ.- ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ**
ਮੋਬਾਇਲ : 94647-64320

ਅਮਨਦੀਪ ਕੌਰ ਅਤੇ
ਅਸ਼ੋਕ ਕੁਮਾਰ ਗਰਗ,
ਪੀ. ਏ. ਯੂ. ਫਾਰਮ ਸਲਾਹਕਾਰ
ਸੇਵਾ ਕੇਂਦਰ, ਬਰਨਾਲਾ
(ਮੋ. 950 18-55223)

# ਕਣਕ ਦੀ ਬਿਜਾਈ ਸਮੇਂ ਅਤੇ ਪਹਿਲੇ ਪਾਣੀ ਤੋਂ ਪਹਿਲਾਂ ਨਦੀਨ ਪ੍ਰਬੰਧਨ

ਕਣਕ ਦੀ ਘੱਟ ਪੈਦਾਵਾਰ ਕਈ ਕਾਰਨਾਂ ਤੇ ਨਿਰਭਰ ਕਰਦੀ ਹੈ ਪ੍ਰੰਤੂ ਸਭ ਤੋਂ ਮਹੱਤਵਪੂਰਨ ਕਾਰਨਾਂ ਵਿੱਚੋਂ ਮੁੱਖ ਕਾਰਨ ਹਨ, ਕਣਕ ਵਿੱਚ ਨਦੀਨਾਂ ਦਾ ਉੱਗਣਾ



ਅਤੇ ਖ਼ੁਰਾਕੀ ਤੱਤਾਂ ਦੀ ਸਹੀ ਪੂਰਤੀ ਦਾ ਨਾ ਹੋਣਾ।

**ਨਦੀਨਾਂ ਦੀ ਰੋਕਥਾਮ :**

**ੳ) ਕਾਸ਼ਤਕਾਰੀ ਢੰਗ** : ਕਣਕ ਨੂੰ ਪਹਿਲਾ ਪਾਣੀ ਲਾਉਣ ਤੋਂ ਪਹਿਲਾਂ ਨਦੀਨਾਂ ਦੀ ਰੋਕਥਾਮ ਕਰਨ ਲਈ ਗੋਡੀ ਕੀਤੀ ਜਾ ਸਕਦੀ ਹੈ। ਕਣਕ ਦੀਆਂ ਜਲਦੀ ਵੱਧਣ ਵਾਲੀਆਂ ਕਿਸਮਾਂ ਦੀ ਬਿਜਾਈ 6 ਇੰਚ ਦੂਰੀ ਦੀਆਂ ਕਤਾਰਾਂ ਵਿੱਚ ਕਰਕੇ ਅਤੇ ਕਣਕ ਦੀ ਥਾਂ ਤੇ ਬਰਸੀਮ, ਆਲੂ, ਰਾਇਆ, ਗੋਭੀ ਸਰ੍ਹੋਂ, ਸਿਆਲੂ ਮੱਕੀ ਆਦਿ ਬੀਜ ਕੇ ਗੁੱਲੀ ਡੰਡੇ ਦੀ ਸਮੱਸਿਆ ਖ਼ਤਮ ਕੀਤੀ ਜਾਂ ਘਟਾਈ ਜਾ ਸਕਦੀ ਹੈ। ਜੇਕਰ ਕਣਕ ਦੀ ਬਿਜਾਈ ਸਮੇਂ ਮਿੱਟੀ ਦੀ ਤਹਿ ਸੁਕਾ ਦਿੱਤੀ ਜਾਵੇ ਤਾਂ ਵੀ ਗੁੱਲੀ ਡੰਡੇ ਦੇ ਪਹਿਲੇ ਲੌਅ ਨੂੰ ਕਾਬੂ ਕੀਤਾ ਜਾ ਸਕਦਾ ਹੈ।

**ਅ) ਬਿਜਾਈ ਸਮੇਂ ਵਰਤੇ ਜਾਣ ਵਾਲੇ ਨਦੀਨ ਨਾਸ਼ਕ :**

★ ਗੁੱਲੀ ਡੰਡੇ ਦੀ ਰੋਕਥਾਮ ਲਈ ਕਣਕ ਦੀ ਬਿਜਾਈ ਕਰਨ ਤੋਂ 2 ਦਿਨਾਂ ਦੇ ਅੰਦਰ-ਅੰਦਰ 1.5 ਲਿਟਰ ਸਟੌਂਪ/ਦੋਸਤ/ਮਾਰਕਪੈਂਡੀ/ਪੈਂਡਾ/ਬੰਕਰ 30 ਈ ਸੀ (ਪੈਂਡੀਮੈਥਾਲਿਨ) ਜਾਂ 60 ਗ੍ਰਾਮ ਅਵਕੀਰਾ/ਮੋਮੀਜੀ 85 ਡਬਲਯੂ ਜੀ (ਪਾਈਰੌਕਸਾਸਲਫੋਨ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕੀਤਾ ਜਾ ਸਕਦਾ ਹੈ। ਜੇਕਰ ਗੁੱਲੀ ਡੰਡੇ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਸਮੱਸਿਆ ਹੋਵੇ ਤਾਂ 1.0 ਲਿਟਰ ਪਲੇਟਫਾਰਮ 385 ਐਸ ਈ (ਪੈਂਡੀਮੈਥੇਲਿਨ + ਮੈਟਰੀਬਿਊਜ਼ਿਨ) ਜਾਂ 900 ਮਿਲੀਲਿਟਰ ਦਕਸ਼ ਪਲੱਸ 48 ਈ ਸੀ (ਪੈਂਡੀਮੈਥੇਲਿਨ + ਮੈਟਰੀਬਿਊਜ਼ਿਨ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਵਰਤਿਆ ਜਾ ਸਕਦਾ ਹੈ।

★ ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਬਿਜਾਈ ਸਮੇਂ 25 ਕਿਲੋ ਜ਼ਿੰਕ ਸਲਫੇਟ (21% ਜ਼ਿੰਕ) ਪ੍ਰਤੀ ਏਕੜ ਜ਼ਮੀਨ ਵਿੱਚ ਛੱਟੇ ਨਾਲ ਪਾਓ।

**ੲ) ਪਹਿਲੇ ਪਾਣੀ ਤੋਂ ਪਹਿਲਾਂ ਵਰਤੇ ਜਾਣ ਵਾਲੇ ਨਦੀਨ ਨਾਸ਼ਕ ਅਤੇ ਖਾਦਾਂ (ਸਾਰਣੀ-1)**

ਨਦੀਨ ਨਾਸ਼ਕਾਂ ਦੇ ਛਿੜਕਾਅ ਸਮੇਂ ਖੇਤ ਵਿੱਚ ਵਧੀਆ ਵੱਤਰ ਹੋਣਾ ਜ਼ਰੂਰੀ ਹੈ। ਛਿੜਕਾਅ ਲਈ ਫਲੱਡ ਜੈਟ (ਕੱਟ) ਜਾਂ ਫਲੈਟ ਫੈਨ (ਟੱਕ) ਵਾਲੀ ਨੋਜ਼ਲ ਦੀ ਵਰਤੋਂ ਕਰੋ। ਫ਼ਸਲ ਤੋਂ ਚੰਗਾ ਝਾੜ ਲੈਣ ਲਈ ਨਦੀਨ ਨਾਸ਼ਕਾਂ ਦੀ ਸਿਫ਼ਾਰਸ਼ ਕੀਤੀ ਮਾਤਰਾ ਹੀ ਵਰਤੋਂ ਅਤੇ ਹਰ ਸਾਲ ਸਿਫ਼ਾਰਸ਼ ਕੀਤੇ ਨਦੀਨ ਨਾਸ਼ਕ ਦੇ ਗਰੁੱਪ ਬਦਲ ਕੇ ਕਰੋ।

**ਸਾਰਣੀ-1 : ਪਹਿਲੇ ਪਾਣੀ ਤੋਂ ਪਹਿਲਾਂ ਵਰਤੇ ਜਾਣ ਵਾਲੇ ਨਦੀਨ ਨਾਸ਼ਕ ਅਤੇ ਖਾਦਾਂ**

| ਨਦੀਨ ਨਾਸ਼ਕ | ਮਾਤਰਾ/ਏਕੜ | ਸਪਰੇਅ ਦਾ ਸਮਾਂ ਤੇ ਪਾਣੀ ਦੀ ਮਾਤਰਾ |
|---|---|---|
| ਐਰੀਲੋਨ/ਡੈਲਰੋਨ/ਰੌਨਕ/ਵੰਡਰ/ਪਰੋਲ/ਜੈ-ਪ੍ਰੋਟਯੂਰੋਨ/ ਆਈਸੋਗਾਰਡ/ਰਕਸ਼ਕ/ਕਨਕ/ਆਈਸੋਟੋਕ/ਸ਼ਿਵਰੋਨ 75 ਡਬਲਯੂ ਪੀ (ਆਈਸੋਪ੍ਰੋਟਯੂਰਾਨ) ★ ਜਿਨ੍ਹਾਂ ਖੇਤਾਂ ਵਿੱਚ ਆਈਸੋਪ੍ਰੋਟਯੂਰਾਨ ਗਰੁੱਪ ਦੇ ਰਸਾਇਣਾਂ ਦੀ ਵਰਤੋਂ ਨਾਲ ਗੁੱਲੀ ਡੰਡਾ ਮਰਦਾ ਹੋਵੇ, ਉੱਥੇ ਹੀ ਇਨ੍ਹਾਂ ਦਾ ਛਿੜਕਾਅ ਕਰੋ। | ਹਲਕੀਆਂ ਜ਼ਮੀਨਾਂ ਲਈ 300 ਗ੍ਰਾਮ, ਦਰਮਿਆਨੀਆਂ ਜ਼ਮੀਨਾਂ ਲਈ 400 ਗ੍ਰਾਮ ਅਤੇ ਭਾਰੀਆਂ ਜ਼ਮੀਨਾਂ ਲਈ 500 ਗ੍ਰਾਮ | ਪਹਿਲੇ ਪਾਣੀ ਤੋਂ 2 ਤੋਂ 3 ਦਿਨ ਪਹਿਲਾਂ (20 ਦਿਨਾਂ ਦੀ ਫ਼ਸਲ ਵਿੱਚ) ਜਦੋਂ ਨਦੀਨ 2-3 ਪੱਤਿਆਂ ਦੀ ਅਵਸਥਾ ਵਿੱਚ ਹੋਣ ਤਾਂ 150 ਲਿਟਰ ਪਾਣੀ ਵਰਤ ਕੇ ਛਿੜਕਾਅ ਕਰੋ। |
| ਲੀਡਰ/ ਐਸ ਐਫ-10/ ਸਫਲ/ ਮਾਰਕਸਲਫੋ 75 ਡਬਲਯੂ ਜੀ (ਸਲਫੋਸਲਫੂਰਾਨ) ★ ਜਿਨ੍ਹਾਂ ਖੇਤਾਂ ਵਿੱਚ ਕਣਕ ਦੇ ਨਾਲ ਸਰ੍ਹੋਂ/ਰਾਇਆ/ਛੋਲੇ ਜਾਂ ਕੋਈ ਹੋਰ ਚੌੜੀ ਪੱਤੀ ਫ਼ਸਲ ਰਲਾ ਕੇ ਬੀਜੀ ਹੋਵੇ, ਉੱਥੇ ਇਸ ਦੀ ਵਰਤੋਂ ਨਾ ਕਰੋ। | 13 ਗ੍ਰਾਮ | |

## ਕਣਕ ਦੇ ਬੀਜ ਦੀ ਸੋਧ ਇੰਝ ਕਰੋ

ਬਿਮਾਰੀ ਰਹਿਤ ਬੀਜ ਫ਼ਸਲ ਦੇ ਭਰਪੂਰ ਉਤਪਾਦਨ ਲਈ ਮੂਲ ਜ਼ਰੂਰਤ ਹੈ, ਕਿਉਂਕਿ ਫ਼ਸਲਾਂ ਦੀਆਂ ਬਹੁਤ ਸਾਰੀਆਂ ਬਿਮਾਰੀਆਂ, ਬੀਜ ਰਾਹੀਂ ਫੈਲਦੀਆਂ ਹਨ। ਜੇਕਰ ਬੀਜ ਰਾਹੀਂ ਇਹ ਬਿਮਾਰੀਆਂ ਫ਼ਸਲ ਵਿੱਚ ਆ ਜਾਣ ਤਾਂ ਕਈ ਤਰ੍ਹਾਂ ਦੀਆਂ ਖੇਤੀ ਰਸਾਇਣਾਂ ਦਾ ਛਿੜਕਾਅ ਕਰਨਾ ਪੈਂਦਾ ਹੈ, ਜਿਸ ਨਾਲ ਖਰਚਾ ਵੀ ਵੱਧ ਹੁੰਦਾ ਹੈ ਅਤੇ ਵਾਤਾਵਰਣ ਤੇ ਵੀ ਮਾੜਾ ਅਸਰ ਹੁੰਦਾ ਹੈ। ਬੀਜ ਸੋਧ ਨਾਲ ਅਸੀਂ ਘੱਟ ਖਰਚੇ ਵਿੱਚ ਬਿਮਾਰੀਆਂ ਨੂੰ ਕਾਬੂ ਕਰਕੇ ਫ਼ਸਲੀ ਪੈਦਾਵਾਰ ਵਿੱਚ ਵਾਧਾ ਕਰ ਸਕਦੇ ਹਾਂ।

**ਕਣਕ ਦੀ ਫ਼ਸਲ ਬੀਜ ਸੋਧ :**

**ਸਿੱਟੇ ਅਤੇ ਪੱਤਿਆਂ ਦੀ ਕਾਂਗਿਆਰੀ ਵਾਸਤੇ** : 13 ਮਿਲੀਲਿਟਰ



ਰੈਕਸਲ ਈਜ਼ੀ / ਓਰੀਅਸ 6 ਐਫ ਐਸ (ਟੈਬੂਕੋਨਾਜ਼ਲ) ਨੂੰ 400 ਮਿਲੀਲਿਟਰ ਪਾਣੀ ਵਿੱਚ ਘੋਲ ਕੇ 40 ਕਿਲੋ ਬੀਜ ਨੂੰ ਸੋਧੋ ਜਾਂ 120 ਗ੍ਰਾਮ ਵੀਟਾਵੈਕਸ ਪਾਵਰ 75 ਡਬਲਯੂ ਐਸ (ਕਾਰਬੋਕਸਿਨ + ਟੈਟਰਾਮੀਥਾਈਲ ਥਾਈਯੂਰਮ ਡਾਈਸਲਫਾਈਡ) ਜਾਂ 80 ਗ੍ਰਾਮ ਵੀਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) ਜਾਂ 40 ਗ੍ਰਾਮ ਟੈਬੂਸੀਡ / ਸੀਡੈਕਸ / ਐਕਸਜ਼ੋਲ 2 ਡੀ ਐਸ (ਟੈਬੂਕੋਨਾਜ਼ੋਲ) ਪ੍ਰਤੀ 40 ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ।

**ਸਿਉਂਕ ਵਾਸਤੇ** : ਸਿਉਂਕ ਦੇ ਹਮਲੇ ਵਾਲੀਆਂ ਜ਼ਮੀਨਾਂ ਵਿੱਚ ਬੀਜ ਨੂੰ 1 ਗ੍ਰਾਮ ਕਰੂਜ਼ਰ 70 ਡਬਲਯੂ ਐਸ (ਥਾਇਆਮੀਥੋਕਸਮ) ਜਾਂ 4 ਮਿਲੀਲਿਟਰ ਡਰਸਬਾਨ/ਰੂਬਾਨ/ਡਰਮੈਟ 20 ਈ ਸੀ (ਕਲੋਰਪਾਈਰੀਫਾਸ) ਜਾਂ 2 ਮਿਲੀਲਿਟਰ ਨਿਉਨਿਕਸ 20 ਐਫ ਐਸ (ਇਮਿਡਾਕਲੋਪਰਿਡ+ਹੈਕਸਾਕੋਨਾਜ਼ੋਲ) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਸੁਕਾ ਲਵੋ। ਨਿਉਨਿਕਸ ਨਾਲ ਸੋਧੇ ਬੀਜ ਨੂੰ ਕਾਂਗਿਆਰੀ ਵੀ ਨਹੀਂ ਲੱਗਦੀ।

**ਬੀਜ ਸੋਧ ਦੌਰਾਨ ਧਿਆਨ ਦੇਣ ਯੋਗ ਗੱਲਾਂ :**

★ ਰਸਾਇਣਾਂ ਦੀ ਸਿਫ਼ਾਰਸ਼ ਕੀਤੀ ਮਾਤਰਾ ਹੀ ਵਰਤੋਂ।

★ ਬੀਜ ਸੋਧ ਲਈ ਬੀਜ ਸੋਧਕ ਡਰੰਮ ਦੀ ਵਰਤੋਂ ਕਰੋ।

★ ਬੀਜ ਦੀ ਸੋਧ ਬਿਜਾਈ ਤੋਂ ਕਦੇ ਵੀ ਇੱਕ ਮਹੀਨੇ ਤੋਂ ਪਹਿਲਾਂ ਨਾ ਕਰੋ, ਨਹੀਂ ਤਾਂ ਬੀਜ ਦੀ ਉੱਗਣ ਸ਼ਕਤੀ ਤੇ ਮਾੜਾ ਅਸਰ ਪੈਂਦਾ ਹੈ।

- ਰਿਤੂ ਰਾਜ ਅਤੇ ਗੁਰਪ੍ਰੀਤ ਸਿੰਘ ਮੱਕੜ, ਡਾਇਰੈਕਟੋਰੇਟ ਪਸਾਰ ਸਿੱਖਿਆ, ਪੀ. ਏ. ਯੂ., ਲੁਧਿਆਣਾ (ਮੋਬਾਇਲ : 90236-38985)



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

---

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 46
ਮਿਤੀ 15-11-2025

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਪ੍ਰਦੂਸ਼ਣ ਨਾਲ ਭਾਰਤ ਵਿੱਚ ਲੱਖਾਂ ਮੌਤਾਂ ਦਾ ਖੁਲਾਸਾ ਚਿੰਤਾਜਨਕ !

**ਰਿਤੂਪਰਨ ਦਵੇ**

ਨਿਸ਼ਚਿਤ ਤੌਰ 'ਤੇ ਜਲਵਾਯੂ ਤਬਦੀਲੀ ਕਾਰਨ ਲਗਾਤਾਰ ਵੱਧ ਰਹੇ ਪ੍ਰਦੂਸ਼ਣ ਨੂੰ ਲੈ ਕੇ ਪੂਰੀ ਦੁਨੀਆ ਵਿੱਚ ਜ਼ਬਰਦਸਤ ਚਿੰਤਾ ਵਿਚਾਲੇ ਭਾਰਤ ਦੇ ਸੰਦਰਭ ਵਿੱਚ ਆਈ ਇੱਕ ਤਾਜ਼ਾ ਸ਼ੋਧ ਰਿਪੋਰਟ ਬੇਹੱਦ ਹੈਰਾਨ-ਪ੍ਰੇਸ਼ਾਨ ਕਰਨ ਵਾਲੀ ਹੈ। 1823 ਵਿੱਚ ਸਥਾਪਿਤ ਦੁਨੀਆ ਦਾ ਪ੍ਰਮੁੱਖ ਚਿਕਿਤਸਾ ਪੱਤਰਿਕਾ 'ਦਿ ਲੇਸੈਂਟ' ਦੀ 2022 ਦੇ ਸੰਦਰਭ ਦੀ ਰਿਪੋਰਟ ਬੇਹੱਦ ਡਰਾਉਣ ਵਾਲੀ ਹੈ। ਇਸ ਚਰਚਿਤ ਅਤੇ ਸੁਰਖੀਆਂ ਵਿਚ ਆਈ ਰਿਪੋਰਟ ਵਿੱਚ ਵਿਸਤਾਰ ਨਾਲ ਕੀਤੇ ਗਏ ਅਧਿਐਨ ਅਤੇ ਤੱਥਾਂ ਦਾ ਜੋ ਖੁਲਾਸਾ ਹੈ, ਉਸ ਨੂੰ ਗੰਭੀਰਤਾ ਨਾਲ ਲੈਣਾ ਹੋਵੇਗਾ।

ਖੋਜਕਰਤਾਵਾਂ ਨੇ ਇਸ ਵਿੱਚ 5 ਵੱਖ-ਵੱਖ ਜਲਵਾਯੂ ਖੇਤਰ ਨੂੰ ਵੰਡ ਕੇ ਉੱਥੋਂ ਦੇ ਵੱਡੇ ਸ਼ਹਿਰਾਂ ਨੂੰ ਸ਼ਾਮਲ ਕੀਤਾ। ਇਹ ਦਿੱਲੀ, ਮੁੰਬਈ, ਪੁਣੇ, ਅਹਿਮਦਾਬਾਦ, ਬੈਂਗਲੁਰੂ, ਚੇਨਈ, ਹੈਦਰਾਬਾਦ, ਕੋਲਕਾਤਾ, ਸ਼ਿਮਲਾ ਅਤੇ ਵਾਰਣਸੀ ਸਨ। ਇਨ੍ਹਾਂ ਵਿੱਚ ਪ੍ਰਦੂਸ਼ਣ ਨਾਲ ਹੋਈਆਂ ਮੌਤਾਂ ਦੇ ਅੰਕੜਿਆਂ ਅਤੇ ਉਨ੍ਹਾਂ ਦੇ ਕਾਰਨਾਂ ਦਾ ਸੂਖਮ ਨਿਰੀਖਣ ਕੀਤਾ ਗਿਆ। ਇਸ ਡੇਟਾ ਵਿੱਚ 2008 ਤੇ 2019 ਤੱਕ ਦੀ ਮਿਆਦ ਸ਼ਾਮਲ ਹੈ, ਜਿਸ ਵਿੱਚ ਹਰ ਸ਼ਹਿਰ ਦੀ ਜਾਣਕਾਰੀ ਜੁਟਾਈ ਗਈ। ਹਰੇਕ ਨਗਰ ਨਿਗਮ ਤੋਂ ਪਛਾਣ ਰਹਿਤ ਮੌਤ ਦਾ ਰਿਕਾਰਡ ਹਾਸਲ ਕਰ ਕੇ ਵਿਸ਼ਲੇਸ਼ਣ ਵਿੱਚ ਵਰਤੋਂ ਲਈ ਰੋਜ਼ਾਨਾ ਦੀਆਂ ਮੌਤਾਂ ਦੇ ਅੰਕੜਿਆਂ ਦਾ ਵੀ ਅਧਿਐਨ ਕੀਤਾ ਗਿਆ।

ਲੈਸੇਟ ਕਾਊਂਟਡਾਊਨ ਆਨ ਹੈਲਥ ਐਂਡ ਕਲਾਈਮੈਂਟ ਚੇਂਜ ਨਾਂ ਨਾਲ ਤਿਆਰ ਰਿਪੋਰਟ 71 ਵਿੱਦਿਅਕ ਸੰਸਥਾਵਾਂ ਜਿਨ੍ਹਾਂ ਵਿੱਚ ਯੂਨੀਵਰਸਿਟੀ ਕਾਲਜ ਜਲੰਧਰ ਅਤੇ ਵਿਸ਼ਵ ਸਿਹਤ ਸੰਗਠਨ ਭਾਵ ਡਬਲਿਊ.ਐਚ.ਓ. ਸ਼ਾਮਲ ਹੈ, ਦੀ ਏਜੰਸੀ ਦੇ 128 ਮਾਹਿਰਾਂ ਦੀ ਕੌਮਾਂਤਰੀ ਟੀਮ ਨੇ ਤਿਆਰ ਕੀਤੀ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਪੂਰੀ ਦੁਨੀਆ ਵਿੱਚ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਮੌਤਾਂ ਵਿੱਚ 70 ਫ਼ੀਸਦੀ ਸਿਰਫ਼ ਭਾਰਤ ਵਿੱਚ ਹੋਈਆਂ। ਸਿਰਫ਼ 2022 ਦੇ ਅੰਕੜਿਆਂ ਅਨੁਸਾਰ ਸਮੁੱਚੀ ਦੁਨੀਆ ਵਿੱਚ ਹਵਾ ਪ੍ਰਦੂਸ਼ਣ ਨਾਲ ਕਰੀਬ 25 ਲੱਖ ਲੋਕਾਂ ਦੀਆਂ ਮੌਤਾਂ ਵਿੱਚ ਇਕੱਲੇ ਭਾਰਤ ਵਿੱਚ 17 ਲੱਖ 72 ਹਜ਼ਾਰ ਲੋਕਾਂ ਨੇ ਆਪਣੀ ਜਾਨ ਗੁਆਈ।

ਇਸ ਦੇ ਲਈ ਪੀ. ਐੱਮ. 2.5 ਜ਼ਿੰਮੇਵਾਰ ਦੱਸੇ। ਪੀ. ਐੱਮ. 2.5 ਭਾਵ ਪਾਰਟੀਕੁਲੇਟ ਮੈਟਰ 2.5 ਹਵਾ ਵਿੱਚ ਮੌਜੂਦ ਬੇਹੱਦ ਛੋਟੇ ਕਣਾਂ ਨੂੰ ਗਿਣਦੇ ਹਨ। ਜਿਨ੍ਹਾਂ ਦਾ ਵਿਆਸ 2.5 ਮਾਈਕ੍ਰੋਨ ਜਾਂ ਉਸ ਤੋਂ ਘੱਟ ਹੁੰਦਾ ਹੈ। ਇਹ ਕਣ ਮਨੁੱਖੀ ਬਾਲ ਤੋਂ ਲਗਭਗ 10 ਗੁਣਾ ਛੋਟੇ ਹੁੰਦੇ ਹਨ ਜੋ ਨੰਗੀਆਂ ਅੱਖਾਂ ਨਾਲ ਨਹੀਂ ਦਿੱਸਦੇ ਹਨ। ਆਪਣੇ ਛੋਟੇ ਆਕਾਰ ਦੇ ਕਾਰਨ ਇਹ ਸਾਹ ਰਾਹੀਂ ਫੇਫੜਿਆਂ ਅਤੇ ਖ਼ੂਨ ਦੇ ਪ੍ਰਵਾਹ ਤੱਕ ਡੂੰਘੇ ਚਲੇ ਜਾਂਦੇ ਹਨ। ਜਿਸ ਦਾ ਪਤਾ ਵੀ ਨਹੀਂ ਲੱਗਦਾ। ਇੱਥੋਂ ਹੀ ਸਿਹਤ ਸੰਬੰਧੀ ਗੰਭੀਰ ਸਮੱਸਿਆਵਾਂ ਸ਼ੁਰੂ ਹੋ ਜਾਂਦੀਆਂ ਹਨ। ਉਹ ਘਾਤਕ ਹੁੰਦੀਆਂ ਹਨ। ਪੀ. ਐੱਮ. 2.5 ਦੇ ਕਣ ਕੋਲਾ ਸਾੜਨ ਵਾਲੇ ਪਲਾਟਾਂ, ਵਾਹਨ ਉਦਯੋਗਿਕ ਸੋਮਿਆਂ ਅਤੇ ਜੀਵਾਸ਼ਮ ਈਂਧਨ ਤੋਂ ਪੈਦਾ ਹੁੰਦੇ ਹਨ।



ਪੀ. ਐੱਮ. 2.5 ਦਾ ਮਾਮੂਲੀ ਸੰਪਰਕ ਭਾਵ 24 ਘੰਟੇ ਤੋਂ ਵੀ ਘੱਟ ਵਿੱਚ ਇਹ ਦਿਲ ਜਾਂ ਫੇਫੜਿਆਂ ਦੀਆਂ ਬੀਮਾਰੀਆਂ ਨੂੰ ਘਾਤਕ ਕਰਨ ਲਈ ਕਾਫੀ ਹਨ। ਲਗਾਤਾਰ ਸੰਪਰਕ ਵਿੱਚ ਰਹਿਣ ਨਾਲ ਬ੍ਰੋਕਾਈਟਿਸ, ਦਮੇ ਦੇ ਦੌਰਿਆਂ ਦੇ ਕਾਰਨ ਪ੍ਰਭਾਵਿਤਾਂ ਨੂੰ ਅਕਸਰ ਆਈ. ਸੀ. ਯੂ. ਤੱਕ ਪਹੁੰਚਾ ਦਿੰਦੇ ਹਨ। ਬੇਹੱਦ ਚਿੰਤਾਜਨਕ ਇਹ ਕਿ ਉਲਟ ਸਿਹਤ ਦੇ ਕਾਰਨ ਪਹਿਲਾਂ ਹੀ ਦਿਲ ਜਾਂ ਫੇਫੜਿਆਂ ਦੀਆਂ ਬੀਮਾਰੀਆਂ ਨਾਲ ਗ੍ਰਸਤ ਨਵਜਾਤ ਬੱਚਿਆਂ, ਬੱਚਿਆਂ ਅਤੇ ਬਜ਼ੁਰਗਾਂ ਵਿੱਚ ਜ਼ਿਆਦਾ ਅਸਰ ਕਰਦਾ ਹੈ।

ਸੱਚ ਹੈ ਕਿ ਪ੍ਰਦੂਸ਼ਿਤ ਹਵਾ ਦੇ ਸੰਪਰਕ ਵਿੱਚ ਆਉਣਾ ਸੰਸਾਰਿਕ ਜਨਤਕ ਸਿਹਤ ਲਈ ਖ਼ਤਰਾ ਹੈ। ਪ੍ਰਦੂਸ਼ਣ ਦੇ ਘੱਟ ਸਮੇਂ ਦੇ ਅਤੇ ਲੰਬੇ ਸਮੇਂ ਦੇ ਸੰਪਰਕਾਂ ਦੇ ਕਾਰਨ ਹੋਣ ਵਾਲੀਆਂ ਮੌਤਾਂ ਦਾ ਕਾਰਨ ਸਾਹ ਅਤੇ ਦਿਲ ਸੰਬੰਧੀ ਸਥਿਤੀਆਂ, ਤੰਤਰਿਕਾਂ ਵਿਕਾਸ ਸੰਬੰਧੀ ਵਿਕਾਰ ਭਾਵ ਨਿਊਰੋ ਡਿਵੈਲਪਮੈਂਟਲ ਕਮੀਆਂ, ਉਲਟ ਗਰਭ ਅਵਸਥਾ ਅਤੇ ਜਨਮ ਦੇ ਨਤੀਜੇ ਹਨ। ਤ੍ਰਾਸਦੀ ਹੀ ਹੈ ਜੋ ਭਾਰਤ ਸਮੇਤ ਕਈ ਹੇਠਲੇ ਅਤੇ ਦਰਮਿਆਨੇ ਆਮਦਨ ਵਾਲੇ ਦੇਸ਼ਾਂ ਵਿੱਚ ਹਵਾ ਪ੍ਰਦੂਸ਼ਣ ਬਹੁਤ ਜ਼ਿਆਦਾ ਹੈ।

ਇਹ ਲਗਭਗ ਪੂਰਾ ਸਾਲ ਸਿਵਾਏ ਬਾਰਿਸ਼ ਛੱਡ ਕੇ ਬਣਿਆ ਰਹਿੰਦਾ ਹੈ। 2010 ਦੇ ਮੁਕਾਬਲੇ 2022 ਵਿੱਚ ਇਹ ਅੰਕੜਾ 38 ਫ਼ੀਸਦੀ ਵੱਧਣਾ ਬੇਹੱਦ ਚਿੰਤਾਜਨਕ ਹੈ। ਨਾ ਸਿਰਫ਼ ਦਿੱਲੀ ਸਗੋਂ ਦੇਸ਼ ਦੇ ਤਮਾਮ ਦੂਜੇ ਸ਼ਹਿਰਾਂ ਵਿੱਚ ਹਵਾ ਗੁਣਵੱਤਾ ਸੂਚਕ ਅੰਕ ਖ਼ਰਾਬ ਹੀ ਨਹੀਂ ਸਗੋਂ ਬੇਹੱਦ ਖ਼ਰਾਬ ਸਥਿਤੀ ਵਿੱਚ ਰਹਿਣਾ ਚਿੰਤਾਜਨਕ ਹੈ। 2016 ਤੋਂ 2022 ਦੇ ਵਿਚਾਲੇ ਜੀਵਾਸ਼ਮ ਈਂਧਨ ਨਾਲ ਹੋਣ ਵਾਲੇ ਉਤਸਰਜਨ ਵਿੱਚ 21 ਫ਼ੀਸਦੀ ਦਾ ਵਾਧਾ ਹੋਇਆ ਜੋ ਟਰਾਂਸਪੋਰਟ ਸੈਕਟਰ ਨੂੰ ਲੱਗਣ ਵਾਲੀ ਊਰਜਾ ਦੀ 96 ਫ਼ੀਸਦੀ ਪੂਰਤੀ ਕਰਦਾ ਹੈ। ਇਸ ਦੇ ਇਲਾਵਾ ਦੁਨੀਆ ਭਰ ਵਿੱਚ ਹਾਲ ਦੇ ਸਾਲਾਂ ਵਿੱਚ ਜੰਗਲਾਂ ਵਿੱਚ ਅਚਾਨਕ ਭੜਕ ਰਹੀ ਅੱਗ ਵੀ ਕਾਫ਼ੀ ਨੁਕਸਾਨ ਪਹੁੰਚਾ ਰਹੀ ਹੈ। ਇਕੱਲੇ 2024 ਵਿੱਚ ਵੀ ਜੰਗਲ ਦੀ ਅੱਗ ਨਾਲ 1.54 ਲੱਖ ਲੋਕਾਂ ਦੀਆਂ ਦੁਨੀਆ



ਭਰ ਵਿੱਚ ਜਾਨਾਂ ਗਈਆਂ।

ਅਜਿਹਾ ਨਹੀਂ ਹੈ ਕਿ ਹਵਾ ਪ੍ਰਦੂਸ਼ਣ ਸਿੱਧੇ ਤੌਰ 'ਤੇ ਸਿਹਤ 'ਤੇ ਭਾਰੀ ਹੋਵੇ। ਇਸ ਨਾਲ ਹੀਟਵੇਵ, ਹੜ੍ਹ, ਜ਼ਮੀਨ ਖਿਸਕਣ ਅਤੇ ਹੋਰ ਕੁਦਰਤੀ ਘਟਨਾਵਾਂ ਵੀ ਆਫਤ ਬਣ ਕੇ ਟੁੱਟ ਰਹੀਆਂ ਹਨ। ਡੇਂਗੂ, ਮਲੇਰੀਆ ਅਤੇ ਕਈ ਦੂਜੀਆਂ ਬੀਮਾਰੀਆਂ ਦਾ ਕਹਿਰ ਵੀ ਬਹੁਤ ਵੱਧ ਗਿਆ ਹੈ। ਚਿੰਤਾਜਨਕ ਇਹ ਵੀ ਹੈ ਕਿ 2015 ਦੇ ਪੈਰਿਸ ਸਮਝੌਤੇ ਅਤੇ ਵਿਸ਼ਵ ਸਿਹਤ ਸੰਗਠਨ ਵਰਗੀਆਂ ਸੰਸਾਰਿਕ ਵਚਨਬੱਧਤਾਵਾਂ ਤੋਂ ਮੌਜੂਦ ਸਮੇਂ ਵਿੱਚ ਨਾ ਸਿਰਫ਼ ਅਮਰੀਕਾ ਸਗੋਂ ਕੁੱਝ ਹੋਰਾਂ ਨੇ ਵੀ ਪਿੱਛੇ ਹੱਟਣਾ ਸ਼ੁਰੂ ਕਰ ਦਿੱਤਾ ਹੈ। ਇਸੇ ਕਾਰਨ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਸਿਹਤ ਅਤੇ ਜਲਵਾਯੂ ਤਬਦੀਲੀ 'ਤੇ ਬਾਰਿਸ 2021 ਦੇ 62 ਫ਼ੀਸਦੀ ਦੇ ਮੁਕਾਬਲੇ 2024 ਵਿੱਚ ਸਿਰਫ਼ 30 ਫ਼ੀਸਦੀ ਰਹਿਣਾ ਇਹ ਦੱਸਦਾ ਹੈ।

ਹਾਲਾਂਕਿ ਜਲਵਾਯੂ ਪਰਿਵਰਤਨ ਅਤੇ ਇਸ ਤੋਂ ਹੋ ਰਹੀਆਂ ਆਫ਼ਤਾਂ ਤੋਂ ਬਚਣ ਲਈ ਹੱਲ ਤਾਂ ਹਨ ਪਰ ਜ਼ਰੂਰਤ ਇਮਾਨਦਾਰ ਯਤਨਾਂ ਦੀ ਹੈ ਜੋ ਕਿਸੇਇੱਕ ਦੇਸ਼ ਦੇ ਬਲਬੂਤੇ ਸੰਭਵ ਨਹੀਂ। ਹੁਣ ਤਾਂ ਪੂਰੀ ਦੁਨੀਆ ਦਾ ਰੁਝਾਨ ਸਵੱਛ ਅਤੇ ਗ੍ਰੀਨ ਊਰਜਾ 'ਤੇ ਹੈ ਪਰ ਇਹ ਵੀ ਸੱਚ ਹੈ ਕਿ ਇਸ ਵਿੱਚ ਬਿਨਾਂ ਸਥਾਨਕ ਪਹਿਲ ਦੇ ਸਫ਼ਲਤਾ ਦੂਰ ਦੀ ਕੋਡੀ ਹੈ। ਹਾਲਾਂਕਿ ਭਾਰਤ ਨੇ ਇਸ ਦਿਸ਼ਾ ਵਿੱਚ ਕਾਫ਼ੀ ਕੁਝ ਹਾਸਲ ਕਰ ਲਿਆ ਹੈ ਪਰ ਲੋੜ ਸੰਸਾਰਿਕ ਬਦਲਾਅ ਦੀ ਹੈ। ਕਿੰਨਾ ਚੰਗਾ ਹੁੰਦਾ ਕਿ ਇਸ ਨੂੰ ਲੈ ਕੇ ਦੁਨੀਆ ਭਰ ਵਿੱਚ ਜਾਣ ਕੇ ਵੀ ਅਨਜਾਣ ਸਰਕਾਰਾਂ ਅਤੇ ਨੁਮਾਇੰਦੇ ਸਿਵਾਏ ਸ਼ਾਂਤੀ ਅਤੇ ਜੰਗ ਦੇ ਖ਼ਤਰਿਆਂ ਨੂੰ ਟਾਲਣ ਦੇ ਡਰਾਮੇ ਦੀ ਬਜਾਏ ਸਿਹਤਮੰਦ ਕੁਦਰਤ ਅਤੇ ਖੁਸ਼ਹਾਲ ਮਨੁੱਖਤਾ ਲਈ ਇਮਾਨਦਾਰ ਯਤਨ ਕਰਦੇ।

# ਝੋਨੇ ਦੀ ਪਰਾਲੀ ਦੀ ਸੰਭਾਲ ਤੇ ਕਣਕ ਦੀ ਬਿਜਾਈ ਦੀ ਤਿਆਰੀ

**ਕਣਕ ਦੇ ਨਾੜ ਦੀ ਸੰਭਾਲ ਥਰੈਸਰਾਂ ਅਤੇ ਸਟਰਾਅ ਰੀਪਰਾਂ ਦੀ ਮਦਦ ਨਾਲ ਤੂੜੀ ਬਣਾ ਕੇ ਕਰ ਲਈ ਜਾਂਦੀ ਹੈ ।**

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਖੇਤੀ ਨੂੰ ਇੱਕ ਲਾਹੇਵੰਦ ਧੰਦਾ ਬਣਾਉਣ ਲਈ ਸਾਨੂੰ ਵੱਧ ਝਾੜ ਦੇਣ ਵਾਲੀਆਂ ਤੇ ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਦੀ ਲੋੜ ਹੈ । ਕਣਕ ਅਤੇ ਝੋਨਾ ਪੰਜਾਬ ਦੀਆਂ ਦੋ ਪ੍ਰਮੁੱਖ ਫ਼ਸਲਾਂ ਹਨ ਅਤੇ ਇਨ੍ਹਾਂ ਦੋਹਾਂ ਫ਼ਸਲਾਂ ਦੀ ਕਟਾਈ ਕੰਬਾਇਨਾਂ ਰਾਹੀਂ ਕੀਤੀ ਜਾਂਦੀ ਹੈ, ਜਿਸ ਨਾਲ ਹਰ ਸਾਲ ਕ੍ਰਮਵਾਰ ਤਕਰੀਬਨ 14 ਅਤੇ 20 ਮਿਲੀਅਨ ਟਨ ਫ਼ਸਲੀ ਰਹਿੰਦ-ਖੂੰਹਦ ਪੈਦਾ ਹੁੰਦੀ ਹੈ । ਕਣਕ ਦੇ ਨਾੜ ਦੀ (80-90 ਫ਼ੀਸਦੀ) ਸੰਭਾਲ ਥਰੈਸਰਾਂ ਅਤੇ ਸਟਰਾਅ ਰੀਪਰਾਂ ਦੀ ਮਦਦ ਨਾਲ ਤੂੜੀ ਬਣਾ ਕੇ ਕਰ ਲਈ ਜਾਂਦੀ ਹੈ ਪਰ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਅਜੇ ਵੀ ਸਾਡੇ ਲਈ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ ।

## ਪਰਾਲੀ ਨੂੰ ਸਾੜਨ ਦੇ ਨੁਕਸਾਨ

ਝੋਨੇ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿੱਚ ਘੱਟ ਸਮੇਂ ਕਾਰਨ ਬਹੁਤੇ ਕਿਸਾਨ ਇਸ ਨੂੰ ਅੱਗ ਲਾ ਦਿੰਦੇ ਹਨ । ਜਿਸ ਕਾਰਨ ਅਸੀਂ ਜਾਣੇ-ਅਣਜਾਣੇ ਵਿੱਚ ਬਹੁਤ ਸਾਰੀਆਂ ਗੈਰ-ਮਨੁੱਖੀ ਅਤੇ ਵਾਤਾਵਰਣ ਵਿਰੋਧੀ ਤਬਦੀਲੀਆਂ ਨੂੰ ਸੱਦਾ ਦੇ ਦਿੰਦੇ ਹਾਂ । ਪਰਾਲੀ ਨੂੰ ਸਾੜਨ ਕਰ ਕੇ ਕਈ ਬਹੁਮੁੱਲੇ ਖੁਰਾਕੀ ਤੱਤਾਂ ਦਾ ਨੁਕਸਾਨ ਹੁੰਦਾ ਹੈ । ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

10 ਕੁਇੰਟਲ ਪਰਾਲੀ ਸਾੜਨ ਨਾਲ ਨੁਕਸਾਨੇ ਤੱਤ

1. 400 ਕਿਲੋ ਜੈਵਿਕ ਕਾਰਬਨ
2. 5.5 ਕਿਲੋ ਨਾਈਟ੍ਰੋਜਨ ਯੂਰੀਆ (ਤਕਰੀਬਨ 12 ਕਿਲੋ)
3. 2.3 ਕਿਲੋ ਫਾਸਫੋਰਸ ਡੀ.ਏ.ਪੀ. ਜਾਂ ਐੱਸ. ਐੱਸ. ਪੀ. (ਤਕਰੀਬਨ 5 ਅਤੇ 14 ਕਿਲੋ)
4. 25 ਕਿਲੋ ਪੋਟਾਸ਼ੀਅਮ ਐੱਮ. ਓ. ਪੀ. (ਤਕਰੀਬਨ 42 ਕਿਲੋ)
5. 1.2 ਕਿਲੋ ਗੰਧਕ ਸਲਫਰ

ਕਿਸਾਨ ਵੀਰ ਇਨ੍ਹਾਂ ਖੁਰਾਕੀ ਤੱਤਾਂ ਦੇ ਨੁਕਸਾਨ ਕਾਰਨ ਖੇਤਾਂ ਦੀ ਉਪਜਾਊ ਸ਼ਕਤੀ ਨੂੰ ਬਹੁਤ ਖੋਰਾ ਲੱਗਦਾ ਹੈ । ਖਾਸ ਕਰ ਕੇ ਜੈਵਿਕ ਕਾਰਬਨ (ਜਿਸ ਦਾ ਧਰਤੀ ਦੀ ਸਿਹਤ ਨਾਲ ਸਿੱਧਾ-ਸਿੱਧਾ ਸੰਬੰਧ ਹੈ) ਦਾ ਖ਼ਤਮ ਹੋਣਾ ਧਰਤੀ ਨੂੰ ਬੰਜਰ ਬਣਾ ਸਕਦਾ ਹੈ । ਜੈਵਿਕ ਮਾਦੇ ਦੇ ਸੜਨ ਨਾਲ ਬਹੁਤ ਸਾਰੇ ਸੂਖਮ ਜੀਵ ਜਿਨ੍ਹਾਂ ਦੀ ਧਰਤੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਹੁੰਦੀ ਹੈ, ਉਹ ਵੀ ਸੜ ਕੇ ਸੁਆਹ ਹੋ ਜਾਂਦੀ ਹੈ ।



## ਪਰਾਲੀ ਦੀ ਸਾਂਭ-ਸੰਭਾਲ

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ 40 ਤੋਂ 60 ਕੁਇੰਟਲ ਪ੍ਰਤੀ ਏਕੜ ਪਰਾਲੀ ਜੋ ਕਿ ਕਿਸਮ 'ਤੇ ਨਿਰਭਰ ਕਰਦੀ ਹੈ, ਨੂੰ ਸੰਭਾਲਣਾ ਕੋਈ ਆਸਾਨ ਕੰਮ ਨਹੀਂ ਪਰ ਜੇਕਰ ਅਸੀਂ ਪ੍ਰਣ ਲਈਏ ਤਾਂ ਕੋਈ ਵੀ ਸਮੱਸਿਆ ਅਜਿਹੀ ਨਹੀਂ, ਜਿਸ ਦਾ ਹੱਲ ਪੰਜਾਬੀ ਕਿਸਾਨ ਨਹੀਂ ਕਰ ਸਕਦੇ । ਬਸ ਲੋੜ ਹੈ ਥੋੜ੍ਹਾ-ਜਿਹਾ ਜਾਗਰੂਕ ਹੋਣ ਦੀ ।

ਪਰਾਲੀ ਨੂੰ ਸੰਭਾਲਣ ਦੇ ਵੀ ਕਈ ਵੱਖਰੇ-ਵੱਖਰੇ ਢੰਗ ਹਨ । ਜਿਹੜਾ ਵੀ ਉਪਰਾਲਾ ਤੁਹਾਡੇ ਸ੍ਰੋਤਾ ਦੇ ਹਿਸਾਬ ਵਿੱਚ ਫਿੱਟ ਬੈਠਦਾ ਹੈ, ਤੁਸੀਂ ਉਹ ਅਪਣਾ ਸਕਦੇ ਹੋ ।

## ਪਰਾਲੀ ਦੀ ਖੇਤ ਵਿੱਚ ਹੀ ਸੰਭਾਲ ਕਰਨਾ

ਆਧੁਨਿਕ ਯੁੱਗ ਵਿੱਚ ਵੱਡੇ-ਵੱਡੇ ਕੰਮ ਵੀ ਮਸ਼ੀਨਾਂ ਰਾਹੀਂ ਸੁਖਾਲੇ ਅਤੇ ਘੱਟ ਸਮੇਂ ਵਿੱਚ ਕੀਤੇ ਜਾ ਸਕਦੇ ਹਨ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਤਿਆਰ ਕੀਤੀਆਂ ਗਈਆਂ ਮਸ਼ੀਨਾਂ ਰਾਹੀਂ ਪਰਾਲੀ ਨੂੰ ਖੇਤਾਂ ਦੇ ਵਿੱਚ ਹੀ ਸਾਂਭਣ ਵਿੱਚ ਮੱਦਦ ਮਿਲਦੀ ਹੈ । ਲਗਾਤਾਰ ਚਾਰ-ਪੰਜ ਸਾਲਾਂ ਤੱਕ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤਾਂ ਦੇ ਅੰਦਰ ਹੀ ਖਪਤ ਕਰਨ ਨਾਲ ਮਿੱਟੀ ਦੀ ਭੌਤਿਕ, ਰਸਾਇਣਕ ਅਤੇ ਜੈਵਿਕ ਸਿਹਤ ਵਿੱਚ ਚੋਖਾ ਸੁਧਾਰ ਦੇਖਿਆ ਗਿਆ ਹੈ ।

### 1. ਹੈਪੀ ਸੀਡਰ ਨਾਲ ਬਿਨਾਂ ਵਹਾਈ, ਕਣਕ ਦੀ ਬਿਜਾਈ

ਕਿਸਾਨ ਵੀਰੋ ਝੋਨੇ ਦੀ ਐੱਮ. ਐੱਮ. ਐੱਸ. ਵਾਲੀ ਕੰਬਾਇਨ ਨਾਲ ਕਟਾਈ ਕਰਨ ਉਪਰੰਤ ਸਮੇਂ ਦੀ ਬੱਚਤ ਕਰਦੇ ਹੋਏ ਤੁਸੀਂ ਉਸ ਸਮੇਂ ਕਣਕ ਦੀ ਬਿਜਾਈ ਉਸੇ ਵੱਤਰ ਵਿੱਚ ਹੈਪੀ ਸੀਡਰ ਰਾਹੀਂ ਕਰ ਸਕਦੇ ਹੋ । ਹੈਪੀ ਸੀਡਰ ਰਾਹੀਂ ਬੀਜੀ ਕਣਕ ਵਿੱਚ ਨਦੀਨ ਵੀ ਘੱਟ ਉੱਗਦੇ ਹਨ ਅਤੇ ਰੌਣੀ ਲਈ ਵਰਤੇ ਜਾਣ ਵਾਲੇ ਪਾਣੀ ਦੀ ਵੀ ਬੱਚਤ ਹੁੰਦੀ ਹੈ । ਧਰਤੀ ਉੱਪਰ ਪਈ ਪਰਾਲੀ ਸਿੱਲ ਨੂੰ ਲੰਬੇ ਸਮੇਂ ਤੱਕ ਬਰਕਰਾਰ ਰੱਖਦੀ ਹੈ ਅਤੇ ਦਾਣੇ ਨੂੰ ਉੱਗਣ ਲਈ ਢੁੱਕਵਾਂ ਮਾਹੌਲ ਦਿੰਦੀ ਹੈ ।




ਹੈਪੀ ਸੀਡਰ ਨਾਲ ਬਿਜਾਈ ਕਰਨ ਲਈ ਹੇਠ ਲਿਖੀਆਂ ਗੱਲਾਂ ਵੱਲ ਵਿਸ਼ੇਸ਼ ਧਿਆਨ ਦਿਓ-

★ ਖੇਤ ਵਿੱਚ ਸਿੱਲ (ਵੱਤਰ) ਆਮ ਤਰੀਕੇ ਨਾਲ ਬੀਜੀ ਜਾਣ ਵਾਲੀ ਕਣਕ ਦੇ ਮੁਕਾਬਲੇ ਵੱਧ ਹੋਣੀ ਚਾਹੀਦੀ ਹੈ ।

★ ਝੋਨੇ ਦੀ ਲੁਆਈ ਤੋਂ ਪਹਿਲਾਂ ਖੇਤ ਨੂੰ ਲੇਜ਼ਰ ਕਰਾਹੇ ਨਾਲ ਲੈਵਲ ਕਰ ਲਓ ਤਾਂ ਜੋ ਪੂਰੇ ਖੇਤ ਨੂੰ ਪਾਣੀ ਇੱਕ ਸਾਰ ਲੱਗੇ ।

★ ਸਿਉਂਕ ਦੇ ਹਮਲੇ ਨੂੰ ਰੋਕਣ ਲਈ ਬੀਜ ਸੋਧ ਜ਼ਰੂਰ ਕਰੋ ।

★ ਕਣਕ ਵਿੱਚ ਚੂਹਿਆਂ ਦੀ ਰੋਕਥਾਮ ਲਈ ਦਵਾਈ ਦਾ ਪ੍ਰਬੰਧ ਕਰੋ ।

★ ਯੂਰੀਆ ਖਾਦ ਪਹਿਲਾ ਅਤੇ ਦੂਸਰਾ ਪਾਣੀ ਲਾਉਣ ਤੋਂ ਪਹਿਲਾਂ ਪਾਓ ।

★ ਜਿਹੜੇ ਖੇਤਾਂ ਵਿੱਚ ਗੋਭ ਦੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ, ਉੱਥੇ ਕਣਕ ਦੀ ਬਿਜਾਈ ਹੈਪੀ ਸੀਡਰ ਨਾਲ ਨਾ ਕਰੋ ।

### 2. ਚੌਪਰ/ਮਲਚਰ ਨਾਲ ਪਰਾਲੀ ਦਾ ਕੁਤਰਾ ਕਰ ਕੇ ਖੇਤ ਵਿੱਚ ਮਿਲਾਉਣਾ

ਝੋਨੇ ਦੀ ਪਰਾਲੀ ਨੂੰ ਕੁਤਰਨ ਅਤੇ ਖਿਲਾਰਨ ਲਈ ਪਰਾਲੀ ਵਾਲਾ ਚੌਪਰ/ਮਲਚਰ ਵੀ ਵਰਤਿਆ ਜਾ ਸਕਦਾ ਹੈ । ਕੁਤਰੀ ਹੋਈ ਪਰਾਲੀ ਨੂੰ ਦੋ ਢੰਗਾਂ ਰਾਹੀਂ ਖੇਤਾਂ ਵਿੱਚ ਮਿਲਾਇਆ ਜਾ ਸਕਦਾ ਹੈ ।

**ੳ) ਪਾਣੀ ਲਾ ਕੇ ਪਰਾਲੀ ਨੂੰ ਮਿੱਟੀ ਵਿੱਚ ਮਿਲਾਉਣਾ :** ਚੌਪਰ ਚਲਾਉਣ ਤੋਂ ਬਾਅਦ ਕੁਤਰੀ ਹੋਈ ਪਰਾਲੀ ਵਾਲੇ ਖੇਤ ਨੂੰ ਹਲਕਾ ਪਾਣੀ ਲਾ ਕੇ ਰੋਟਰੀ ਪਡਲਰ ਨਾਲ ਜ਼ਮੀਨ ਵਿੱਚ ਮਿਲਾਇਆ ਜਾ ਸਕਦਾ ਹੈ ।

ਜਦੋਂ ਕੁਤਰੀ ਹੋਈ ਪਰਾਲੀ ਪਾਣੀ ਅਤੇ ਮਿੱਟੀ ਦੇ ਸੰਪਰਕ ਵਿੱਚ ਆਉਂਦੀ ਹੈ ਤਾਂ ਇਸ ਦੇ ਗਲਣ ਦੀ ਪ੍ਰਕਿਰਿਆ ਹੋਰ ਤੇਜ਼ ਹੋ ਜਾਂਦੀ ਹੈ ।

**ਅ) ਉਲਟਾਵੇਂ ਹੱਲਾਂ ਨਾਲ ਮਿੱਟੀ ਵਿੱਚ ਮਿਲਾਉਣਾ :** ਕੁਤਰੀ ਹੋਈ ਪਰਾਲੀ ਨੂੰ ਉਲਟਾਵੇਂ ਹੱਲਾਂ ਨਾਲ ਮਿੱਟੀ ਵਿੱਚ ਵੀ ਮਿਲਾਇਆ ਜਾ ਸਕਦਾ ਹੈ । ਇਸ ਤਰ੍ਹਾਂ ਪਰਾਲੀ ਤਕਰੀਬਨ 15-3- ਸੈਂਟੀਮੀਟਰ ਡੂੰਘਾਈ ਤੱਕ ਚਲੀ ਜਾਂਦੀ ਹੈ । ਇਹ ਤਕਨੀਕ ਆਲੂ ਅਤੇ ਸਬਜ਼ੀ ਕਾਸ਼ਤਕਾਰਾਂ ਲਈ ਬਹੁਤ ਲਾਹੇਵੰਦ ਹੈ । ਜ਼ਮੀਨ ਅੰਦਰੋਂ ਪੋਲੀ ਰਹਿੰਦੀ ਹੈ ਅਤੇ ਆਲੂਆਂ ਦੇ ਝਾੜ ਵਿੱਚ ਰਵਾਇਤੀ ਢੰਗ ਨਾਲੋਂ ਚੰਗਾ ਵਾਧਾ ਦੇਖਿਆ ਗਿਆ ਹੈ ।

- ਜਏਸ਼ ਸਿੰਘ ਤੇ ਅਮਨਪ੍ਰੀਤ



# ਪਰਾਲੀ ਦੇ ਧੂੰਏਂ ਨਾਲ ਪੰਜਾਬ ਦੀ ਪਲੀਤ ਹੋ ਰਹੀ ਆਬੋ-ਹਵਾ

ਜਸਵੰਤ ਸਿੰਘ ਪੁਰਬਾ
ਫ਼ਰੀਦਕੋਟ
ਮੋਬਾਇਲ : 98145-53988

ਪੰਜਾਬ ਗੁਰੂਆਂ-ਪੀਰਾਂ ਦੀ ਧਰਤੀ ਹੈ, ਜਿਨ੍ਹਾਂ ਦੇ ਆਸ਼ੀਰਵਾਦ ਸਦਕਾ ਹਮੇਸ਼ਾ ਹੀ ਇੱਥੇ ਕਈ ਤਰ੍ਹਾਂ ਦੀ ਬਖ਼ਸ਼ਿਸ਼ ਰਹੀ ਹੈ। ਕੁਦਰਤੀ ਸੋਮੇ ਇਸੇ ਬਖ਼ਸ਼ਿਸ਼ ਕਾਰਨ ਭਰਪੂਰ ਸਨ। ਚਾਹੇ ਉਹ ਸਾਫ਼ ਆਬੋ-ਹਵਾ ਹੋਵੇ, ਚਾਹੇ ਗੁਣਕਾਰੀ ਧਰਤੀ ਹੋਵੇ ਅਤੇ ਚਾਹੇ ਖੁੱਲ੍ਹੇ ਵਹਿੰਦੇ ਦਰਿਆ ਹੋਣ। ਕੁਦਰਤ ਦੇ ਇਨ੍ਹਾਂ ਖ਼ਜ਼ਾਨਿਆਂ ਨੂੰ ਸਾਂਭਣ ਲਈ ਸਾਡੇ ਗੁਰੂਆਂ ਨੇ ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ਦੇ ਫ਼ਲਸਫ਼ੇ 'ਤੇ ਚੱਲਣ ਲਈ ਕਿਹਾ ਸੀ ਪਰ ਅਜੋਕੇ ਦੌਰ ਵਿੱਚ ਅਸੀਂ ਗੁਰੂਆਂ-ਪੀਰਾਂ ਦੀਆਂ ਸਿੱਖਿਆਵਾਂ ਨੂੰ ਵਿਸਾਰਦੇ ਗਏ ਅਤੇ ਇਸ ਫ਼ਲਸਫ਼ੇ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਦਿੱਤਾ। ਸਭ ਤੋਂ ਪਹਿਲਾਂ ਅਸੀਂ ਆਪਣੀ ਵੱਡਮੁੱਲੀ ਧਰਤੀ ਦਾ ਘਾਣ ਕੀਤਾ। ਧਰਤੀ ਵਿੱਚੋਂ ਵੱਧ ਤੋਂ ਵੱਧ ਖੇਤੀ ਉਪਜ ਰਾਹੀਂ ਜ਼ਿਆਦਾ ਮੁਨਾਫ਼ਾ ਕਮਾਉਣ ਲਈ ਅਸੀਂ ਹਰ ਤਰੀਕੇ ਦੀਆਂ ਰਸਾਇਣ ਖਾਦਾਂ ਤੇ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਕੀਤੀ।

ਇਸ ਨਾਲ ਜਿੱਥੇ ਸਾਡੀ ਧਰਤੀ ਦੀ ਗੁਣਵੱਤਾ ਖ਼ਤਮ ਹੋਈ, ਉੱਥੇ ਇਸ ਤੋਂ ਪੈਦਾ ਹੋਏ ਅਨਾਜ ਦਾ ਮਿਆਰ ਵੀ ਦਿਨ ਪ੍ਰਤੀ ਦਿਨ ਡਿੱਗਦਾ ਗਿਆ। ਦੂਜਾ ਬਿਨਾਂ ਕੰਟਰੋਲ ਤੇ ਗੈਰ ਯੋਜਨਾਬੱਧ ਢੰਗ ਨਾਲ ਹੋਏ ਸ਼ਨਅਤੀਕਰਨ ਨਾਲ ਪਾਣੀ ਪ੍ਰਦੂਸ਼ਣ ਵਿੱਚ ਵੀ ਬਹੁਤ ਵਾਧਾ ਹੋਇਆ ਤੇ ਝੋਨੇ ਵਰਗੀਆਂ ਗੈਰ ਰਵਾਇਤੀ ਫ਼ਸਲਾਂ ਕਾਰਨ ਵੀ ਧਰਤੀ ਹੇਠਲਾ ਪਾਣੀ ਦਿਨੋਂ-ਦਿਨ ਡੂੰਘਾ ਹੁੰਦਾ ਗਿਆ। ਤੀਜਾ ਹਵਾ, ਜਿਸ ਲਈ ਵੀ ਕਾਫ਼ੀ ਹੱਦ ਤੱਕ ਗੈਰ ਯੋਜਨਾਬੱਧ ਸਨਅਤੀਕਰਨ ਹੀ ਜ਼ਿੰਮੇਵਾਰ ਹੈ ਪਰ ਝੋਨੇ ਦੀ ਖੇਤੀ ਦੌਰਾਨ ਪਰਾਲੀ ਨੂੰ ਅੱਗ ਲਾਉਣਾ ਵੀ ਇਸ ਦਾ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਕਿਸੇ ਰਾਜ ਜਾਂ ਦੇਸ਼ ਦੀ ਤਰੱਕੀ ਲਈ ਸਨਅਤੀਕਰਨ ਅਤੇ ਖੇਤੀਬਾੜੀ ਦੋਵੇਂ ਜ਼ਰੂਰੀ ਹਨ ਪਰ ਉਸ ਤੋਂ ਵੀ ਜ਼ਿਆਦਾ ਜ਼ਰੂਰੀ ਹੁੰਦਾ ਟਿਕਾਊ ਤਰੀਕੇ ਨਾਲ ਵਿਕਾਸ ਹੋਣਾ। ਅੱਜ ਜੋ ਪੰਜਾਬ ਅੰਦਰ ਪ੍ਰਦੂਸ਼ਣ ਦੇ ਹਾਲਾਤ ਹਨ, ਉਸ ਲਈ ਜਿੱਥੇ ਵੱਡੀ ਜ਼ਿੰਮੇਵਾਰੀ ਵੱਖ-ਵੱਖ ਸਮੇਂ 'ਤੇ ਰਹੀਆਂ ਕੇਂਦਰ ਤੇ ਰਾਜ ਸਰਕਾਰਾਂ ਦੀ ਹੈ, ਉੱਥੇ ਆਮ ਲੋਕ ਵੀ ਆਪਣੇ ਫ਼ਰਜ਼ ਨੂੰ ਭੁੱਲ ਨਹੀਂ ਸਕਦੇ। ਵਿਗਿਆਨੀਆਂ ਨੇ ਕਣਕ ਦੇ ਨਾਲ-ਨਾਲ ਹੋਰ ਨਵੀਆਂ ਫ਼ਸਲਾਂ ਦੀ ਖੋਜ ਕੀਤੀ, ਜਿਸ ਨਾਲ ਪੰਜਾਬ ਦੇ ਕਿਸਾਨਾਂ ਦੇ ਦਿਨ ਫਿਰਨ ਲੱਗੇ। ਕਣਕ, ਝੋਨੇ ਦੀ ਖਰੀਦ ਸਰਕਾਰੀ ਏਜੰਸੀਆਂ ਕਰਨ ਲੱਗੀਆਂ। ਖੇਤੀਬਾੜੀ ਵਿੱਚ ਆਉਣ ਵਾਲੇ ਪੈਸੇ ਦੇ ਨਾਲ-ਨਾਲ ਪੰਜਾਬ ਦਾ ਕਿਸਾਨ ਹੋਰ ਆਲਸੀ ਹੁੰਦਾ ਚਲਾ ਗਿਆ। ਉਹ ਫ਼ਸਲਾਂ ਦੀ ਬਿਜਾਈ-ਕਟਾਈ ਲਈ ਪ੍ਰਵਾਸੀ ਮਜ਼ਦੂਰਾਂ 'ਤੇ ਨਿਰਭਰ ਹੋ ਗਿਆ। ਹੁਣ ਉਸ ਨੂੰ ਕਣਕ, ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣੀ ਚੁੱਭਦੀ ਨਹੀਂ। ਇੱਥੇ ਅਨਾਜ ਦੀ ਪੈਦਾਵਾਰ ਵਧਾਉਣ ਲਈ ਬੇਲੋੜੀਆਂ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਨੇ ਸਾਡੀ ਧਰਤੀ ਜ਼ਹਿਰੀਲੀ ਕਰ ਦਿੱਤੀ ਤੇ ਝੋਨੇ ਦੀ ਨਿਰੰਤਰ ਕਾਸ਼ਤ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਥੱਲੇ ਚਲਾ ਗਿਆ। ਉਦਯੋਗਾਂ ਦੇ ਕੈਮੀਕਲਾਂ ਨੇ ਦਰਿਆਵਾਂ ਦਾ ਪਾਣੀ ਪ੍ਰਦੂਸ਼ਿਤ ਕਰ ਦਿੱਤਾ। ਪੰਜਾਬ ਦੇ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਗਏ। ਇਸ ਸਾਰੇ ਵਰਤਾਰੇ ਨੇ ਪੰਜਾਬ ਦੀ ਆਬੋ-ਹਵਾ ਪ੍ਰਦੂਸ਼ਿਤ ਕਰ ਦਿੱਤੀ। ਹਰ ਵਰ੍ਹੇ ਝੋਨੇ ਦੀ ਕਟਾਈ ਤੋਂ ਬਾਅਦ ਝੋਨੇ ਦੀ ਪਰਾਲੀ ਸਾੜ ਕੇ ਕਿਸਾਨਾਂ ਨੇ ਪੰਜਾਬ ਨੂੰ ਧੂੰਏਂ ਦੇ ਚੱਕਰਵਿਊ ਵਿੱਚ ਫਸਾ ਦਿੱਤਾ। ਇਸ ਵਰਤਾਰੇ ਨੂੰ ਰੋਕਣ ਲਈ ਪ੍ਰਸ਼ਾਸਨ ਦੀਆਂ ਕੋਸ਼ਿਸ਼ਾਂ ਵੀ ਫੇਲ੍ਹ ਸਾਬਿਤ ਹੋਈਆਂ ਹਨ। ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਪਰਾਲੀ ਸੰਭਾਲਣ ਲਈ ਵੱਡੀ ਸਬਸਿਡੀ 'ਤੇ ਮਸ਼ੀਨਾਂ ਦੇ ਕੇ ਉਤਸ਼ਾਹਿਤ ਕਰਨ ਦੇ ਬਾਵਜੂਦ ਵੀ ਕਿਸਾਨਾਂ ਨੇ ਇਸ ਪਾਸੇ ਵਧੇਰੇ ਦਿਲਚਸਪੀ ਨਹੀਂ ਲਈ, ਜਿਸ ਨਾਲ ਪੰਜਾਬ ਦਾ ਚੌਗਿਰਦਾ ਪਲੀਤ ਹੋ ਗਿਆ। ਕੁੱਝ ਦਿਨਾਂ ਵਿੱਚ ਹੀ ਪਰਾਲੀ ਸਾੜਨ ਦੇ ਸੈਂਕੜੇ ਕੇਸ ਦਰਜ ਕੀਤੇ ਗਏ ਤੇ ਲੱਖਾਂ ਰੁਪਏ ਜ਼ੁਰਮਾਨੇ ਕਰਨ ਦੇ ਨਾਲ ਜ਼ਮੀਨਾਂ ਦੇ ਰਿਕਾਰਡ ਵਿੱਚ ਰੈੱਡ ਐਂਟਰੀਆਂ ਵੀ ਦਰਜ ਕੀਤੀਆਂ ਜਾ ਰਹੀਆਂ ਹਨ। ਪਰਾਲੀ ਸਾੜਨ ਨੂੰ ਲੈ ਕੇ ਇਸ ਵਾਰ ਸੁਪਰੀਮ ਕੋਰਟ ਨੇ ਵੀ ਸਖ਼ਤ ਟਿੱਪਣੀਆਂ ਕੀਤੀਆਂ ਹਨ ਤੇ ਜ਼ੁਰਮਾਨੇ ਵੀ ਦੁੱਗਣੇ ਕੀਤੇ ਗਏ ਹਨ। ਹਾਲਾਂਕਿ ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਨਾਲ ਖੇਤੀਬਾੜੀ ਦਾ ਕਾਫ਼ੀ ਖੇਤਰ ਤਬਾਹ ਹੋ ਗਿਆ ਹੈ। ਜਿਹੜੇ ਪਾਸੇ ਝੋਨੇ ਦੀ ਫ਼ਸਲ ਬਚੀ ਹੈ, ਉੱਥੇ ਪਰਾਲੀ ਸਾੜਨ ਦਾ ਰੁਝਾਨ ਜਾਰੀ ਹੈ।

ਬੇਸ਼ੱਕ ਪਿਛਲੇ ਸਾਲਾਂ ਦੇ ਮੁਕਾਬਲੇ ਪਰਾਲੀ ਸਾੜਨ ਦਾ ਰੁਝਾਨ ਕੁਝ ਹੱਦ ਤੱਕ ਘਟਿਆ ਹੈ ਪਰ ਫਿਰ ਵੀ ਇਸ ਦਾ ਧੂੰਆਂ ਪੰਜਾਬ ਦੀ ਆਬੋ-ਹਵਾ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। 3 ਨਵੰਬਰ ਤੱਕ 765 ਮਾਮਲੇ ਦਰਜ ਕੀਤੇ ਗਏ ਹਨ, ਜਦਕਿ ਪਿਛਲੇ ਸਾਲ 5,783 ਮਾਮਲੇ ਸਾਹਮਣੇ ਆਏ ਸਨ। 4 ਨਵੰਬਰ ਨੂੰ ਇੱਕੋ ਦਿਨ 321 ਮਾਮਲੇ ਸਾਹਮਣੇ ਆਏ। ਇਸ ਸੀਜ਼ਨ ਵਿੱਚ ਕੁੱਲ 2,839 ਮਾਮਲੇ ਦਰਜ ਹੋ ਚੁੱਕੇ ਹਨ, ਜਦਕਿ ਪਿਛਲੇ ਸਾਲ 4 ਨਵੰਬਰ ਤੱਕ 4,394 ਮਾਮਲੇ ਆਏ ਸਨ। ਇਸ ਵਾਰ ਸਭ ਤੋਂ ਵੱਧ ਮਾਮਲੇ ਸੰਗਰੂਰ ਜ਼ਿਲ੍ਹੇ ਵਿੱਚ 510, ਤਰਨ ਤਾਰਨ ਵਿੱਚ 506, ਫ਼ਿਰੋਜ਼ਪੁਰ ਵਿੱਚ 296, ਅੰਮ੍ਰਿਤਸਰ ਵਿੱਚ 249, ਬਠਿੰਡਾ ਵਿੱਚ 197, ਪਟਿਆਲਾ ਵਿੱਚ 166, ਮਾਨਸਾ ਵਿੱਚ 126, ਕਪੂਰਥਲਾ ਵਿੱਚ 110, ਮੋਗਾ ਵਿੱਚ 101, ਸ੍ਰੀ ਮੁਕਤਸਰ ਸਾਹਿਬ ਵਿੱਚ 90, ਲੁਧਿਆਣਾ ਵਿੱਚ 74, ਬਰਨਾਲਾ ਵਿੱਚ 66, ਗੁਰਦਾਸਪੁਰ ਵਿੱਚ 58, ਮਲੇਰਕੋਟਲਾ ਵਿੱਚ 55, ਫ਼ਰੀਦਕੋਟ ਵਿੱਚ 52, ਫ਼ਾਜ਼ਿਲਕਾ ਵਿੱਚ 94, ਜਲੰਧਰ ਵਿੱਚ 48, ਫ਼ਤਹਿਗੜ੍ਹ ਸਾਹਿਬ ਵਿੱਚ 32, ਐਸ. ਏ. ਐਸ. ਨਗਰ ਵਿੱਚ 26, ਹੁਸ਼ਿਆਰਪੁਰ ਵਿੱਚ 15, ਭਗਤ ਸਿੰਘ ਨਗਰ ਵਿੱਚ 11 ਤੇ ਪਠਾਨਕੋਟ ਵਿੱਚ 1 ਮਾਮਲਾ ਦਰਜ ਕੀਤਾ ਗਿਆ ਹੈ, ਜਦਕਿ ਰੋਪੜ ਵਿੱਚ ਪਰਾਲੀ ਸਾੜਨ ਦਾ ਇੱਕ ਵੀ ਮਾਮਲਾ ਸਾਹਮਣੇ ਨਹੀਂ ਆਇਆ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨਾਲ ਸਲਾਹ-ਮਸ਼ਵਰਾ ਕਰਕੇ ਇਸ ਦਾ ਸਥਾਈ ਹੱਲ ਲੱਭੇ ਤੇ ਪਰਾਲੀ ਪ੍ਰਬੰਧਨ ਲਈ ਇਸ ਦੀ ਵਰਤੋਂ ਬਿਜਲੀ ਦੀ ਪੈਦਾਵਾਰ, ਗੱਤਾ ਅਤੇ ਹੋਰ ਵਸਤਾਂ ਬਣਾਉਣ ਲਈ ਕੀਤੀ ਜਾਵੇ। ਪਿਛਲੇ ਕੁੱਝ ਸਾਲਾਂ ਤੋਂ ਪੰਜਾਬ ਸਰਕਾਰ ਪੱਤਰ ਲਿਖ ਕੇ ਪਰਾਲੀ ਦੇ ਨਿਪਟਾਰੇ ਲਈ ਕੇਂਦਰ ਸਰਕਾਰ ਨੂੰ ਪ੍ਰਤੀ ਏਕੜ 2000 ਰੁਪਏ ਦੇਣ ਦੀ ਮੰਗ ਕਰ ਰਹੀ ਹੈ ਪਰ ਕੇਂਦਰ ਸਰਕਾਰ ਦੋ ਸਾਲਾਂ ਤੋਂ ਲਗਾਤਾਰ ਇਸ ਪ੍ਰਸਤਾਵ ਨੂੰ ਖ਼ਾਰਜ ਕਰਦੀ ਆ ਰਹੀ ਹੈ। ਸਰਕਾਰਾਂ ਨੇ ਹੀ ਹਰੀ ਕ੍ਰਾਂਤੀ ਦੇ ਨਾਂਅ 'ਤੇ ਉਸ ਵਕਤ ਪੰਜਾਬ ਤੇ ਇਸ ਦੀ ਕਿਸਾਨੀ ਨੂੰ ਕਣਕ-ਝੋਨੇ ਦੇ ਚੱਕਰ ਵਿੱਚ ਪਾਇਆ ਸੀ ਤੇ ਹੁਣ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਕੁਦਰਤ ਨੂੰ ਪਹੁੰਚੇ ਨੁਕਸਾਨ ਦੀ ਭਰਪਾਈ ਲਈ ਬਾਕਾਇਦਾ ਯੋਜਨਾਵੱਧ ਢੰਗ ਨਾਲ ਕਦਮ ਉਠਾਏ ਜਾਣ। ਇਸ ਲਈ ਇਕੱਲੇ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਠੀਕ ਨਹੀਂ, ਕਿਉਂਕਿ ਪਰਾਲੀ ਸੰਭਾਲਣੀ ਕਿਸਾਨ ਲਈ ਬੜਾ ਮਹਿੰਗਾ ਤੇ ਮੁਸ਼ਕਿਲ ਕੰਮ ਹੈ। ਇਸੇ ਕਰਕੇ ਕਿਸਾਨਾਂ ਨੇ ਪਰਾਲੀ ਸਾੜਨ ਵਾਲਾ ਸੌਖਾ ਰਾਹ ਲੱਭਿਆ ਹੋਇਆ ਹੈ ਪਰ ਸਰਕਾਰਾਂ ਨੂੰ ਇਸ ਸਮੱਸਿਆ ਬਾਰੇ ਖ਼ੁਦ ਵੀ ਸੋਚਣਾ ਪਵੇਗਾ। ਜੇਕਰ ਅਜਿਹਾ ਨਾ ਹੋਇਆ ਤਾਂ ਸਾਡਾ ਮਨੁੱਖੀ ਜੀਵਨ ਤੋਂ ਆਉਣ ਵਾਲੀਆਂ ਨਸਲਾਂ 'ਤੇ ਹਵਾ ਪ੍ਰਦੂਸ਼ਣ ਦਾ ਗੰਭੀਰ ਪ੍ਰਭਾਵ ਨਜ਼ਰ ਆਵੇਗਾ।





ਬਲਵਿੰਦਰ 'ਬਾਲਮ',
ਉਂਕਾਰ ਨਗਰ, ਗੁਰਦਾਸਪੁਰ
ਮੋ. 98156-25409

ਕਵਿਤਾ

## ਕਿੱਥੇ ਤੁਰ ਗਏ ਪਿਆਰੇ ਲੋਕ?

ਸਿਰ 'ਤੇ ਹੱਥ ਪਲੋਸਣ ਵਾਲੇ।
ਨਿਰਛਲ ਸੱਚੇ ਭੋਲੇ ਭਾਲੇ।
ਸਭ ਦੀ ਧੀ ਨੂੰ ਧੀ ਕਹਿੰਦੇ ਸੀ।
ਇੱਕ ਮਰਿਆਦਾ ਵਿੱਚ ਰਹਿੰਦੇ ਸੀ।
ਜਾਂਦੇ ਸੀ ਸਤਿਕਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?

ਬਲਦਾਂ ਦੇ ਗਲ ਟੱਲੀਆਂ ਖੜਕਣ।
ਪੈਰਾਂ ਦੇ ਵਿੱਚ ਲੈਅ ਦੀ ਥਰਕਣ।
ਹੱਲ ਪੰਝਾਲੀ ਲੈ ਕੇ ਜਾਂਦੇ।
ਸ਼ਾਮ ਢਲੇ ਨੂੰ ਵਾਪਿਸ ਆਂਦੇ।
ਮਿਹਨਤ ਦੇ ਵਣਜਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?

ਸੱਥ ਵਿੱਚ ਮਿਰਜ਼ਾ ਗਾਵਣ ਵਾਲੇ।
ਠੰਢੀਆਂ ਛਾਵਾਂ ਮਾਨਣ ਵਾਲੇ।
ਰਲ ਮਿਲ ਭੰਗੜਾ ਪਾਵਣ ਵਾਲੇ।
ਰੁੱਸੇ ਯਾਰ ਮਨਾਵਣ ਵਾਲੇ।
ਵੰਡਦੇ ਫਿਰਨ ਨਜ਼ਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?

ਬੱਚੇ ਮੁਫ਼ਤ ਪੜ੍ਹਾਂਦੇ ਸੀ ਜੋ।
ਭਗਤੀ ਬੱਲ ਸਿਖਾਂਦੇ ਸੀ ਜੋ।
ਪੁੱਤਾਂ ਵਾਂਗੂੰ ਪਾਲਣ ਵਾਲੇ।
ਕੁਕਰਮ ਤੋਂ ਟਾਲਣ ਵਾਲੇ।
ਸੱਚੇ ਤਾਰਨਹਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?

ਸਫ਼ਰ ਵਿੱਚ ਵੇਖ ਪੰਜਾਬੀ ਮੁੰਡੇ।
ਜੁਰਰਤ ਨਈਂ ਸੀ ਕਰਦੇ ਗੁੰਡੇ।
ਧੀਆਂ ਭੈਣਾਂ ਚੈਨ ਵਿੱਚ ਬੈਠਣ।
ਦਿਨ ਹੋਵੇ ਜਾਂ ਰੈਣ ਵਿੱਚ ਬੈਠਣ।
ਇੱਜ਼ਤਦਾਰ ਨਿਆਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?

ਧੀ-ਜਵਾਈ ਜਦ ਪਿੰਡ ਵਿੱਚ ਆਏ।
ਹਰ ਕੋਈ ਸਧਰਾਂ ਨਾਲ ਬੁਲਾਏ।
ਕੁੜੀਏ ਰਾਜੀ-ਬਾਜੀ ਏਂ ਨਾ।
ਸੱਸ ਸਹੁਰਾ ਵੀ ਰਾਜੀ ਏ ਨਾ।
ਜਾਂਦੇ ਵਾਰੇ-ਵਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?

ਠੰਢੀਆਂ ਠਾਰ ਹਵਾਵਾਂ ਅੰਦਰ।
ਸਾਂਝ ਪ੍ਰੀਤਾਂ ਛਾਵਾਂ ਅੰਦਰ।
ਉਂਗਲੀ ਲਾ ਕੇ ਹੱਸਦੇ ਜਾਂਦੇ।
ਸਭ ਨੂੰ ਰਸਤਾ ਦੱਸਦੇ ਜਾਂਦੇ।
ਲਾਉਂਦੇ ਨਈਂ ਸੀ ਲਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?

ਦਿਨ ਰਾਤੀ ਜੋ ਲੋਅ ਲਈ ਬਲਦੇ।
ਮੁਫ਼ਤ ਸੇਵਾਵਾਂ ਦੇ ਕੇ ਚਲਦੇ।
ਮਾਨਵਤਾ ਲਈ ਜੀਂਦੇ ਮਰਦੇ।
'ਬਾਲਮ' ਧਰਤੀ ਦੇ ਦੁੱਖ ਜਰਦੇ।
ਸੂਰਜ ਚੰਨ ਸਿਤਾਰੇ ਲੋਕ।
ਕਿੱਥੇ ਤੁਰ ਗਏ ਪਿਆਰੇ ਲੋਕ ?

# ਬਹੁ-ਪੱਖੀ ਖੁਰਾਕੀ ਸੰਕਟ ਵਿੱਚੋਂ ਗੁਜ਼ਰ ਰਿਹਾ ਭਾਰਤ



**ਭੋਜਨ ਜੀਵਨ ਦਾ ਮਹੱਤਵਪੂਰਨ ਅਧਾਰ ਹੈ। ਮਨੁੱਖੀ ਜੀਵਨ ਵਿੱਚ ਤੰਦਰੁਸਤ ਸਿਹਤ ਅਤੇ ਖੁਸ਼ਹਾਲ ਜੀਵਨ ਦਾ ਸਭ ਤੋਂ ਵੱਡਾ ਰਾਜ ਪੌਸ਼ਟਿਕ ਭੋਜਨ ਹੀ ਮੰਨਿਆ ਜਾਂਦਾ ਹੈ। ਪਰ ਭਾਰਤ ਵਿੱਚ ਅਬਾਦੀ ਦੇ ਤੇਜ਼ ਵਾਧੇ ਕਾਰਨ ਗਰੀਬੀ ਅਤੇ ਬੇਰੁਜ਼ਗਾਰੀ ਵਰਗੀਆਂ ਆਰਥਿਕ ਸਮੱਸਿਆਵਾਂ ਨੇ ਦੇਸ਼ ਵਿਚਲੇ ਖੁਰਾਕੀ ਸੰਕਟ ਨੂੰ ਬਹੁਤ ਹੀ ਗੰਭੀਰ ਅਤੇ ਭਿਆਨਕ ਬਣਾ ਦਿੱਤਾ ਹੈ। ਭਾਰਤ ਮੁਲਕ ਵਿਚਲੀ ਦੇਸ਼ ਦੀ ਅੰਨ ਸਮੱਸਿਆ ਕਈ ਪੱਖਾਂ ਤੋਂ ਦੇਖਣ ਨੂੰ ਮਿਲਦੀ ਹੈ। ਜਿੱਥੇ ਦੇਸ਼ ਵਿਚ ਅਬਾਦੀ ਦੇ ਇੱਕ ਵੱਡੇ ਤਬਕੇ ਨੂੰ ਖਾਣ ਲਈ ਲੋੜੀਂਦਾ ਪੌਸ਼ਟਿਕ ਭੋਜਨ ਨਹੀਂ ਮਿਲਦਾ, ਉੱਥੇ ਹੀ ਦੂਸਰੇ ਪਾਸੇ ਅੰਨ ਦੀ ਬਰਬਾਦੀ ਵਿੱਚ ਵੀ ਇਹ ਮੁਲਕ ਦੁਨੀਆਂ ਭਰ ਵਿੱਚ ਮੋਹਰੀ ਹੈ ਇਸ ਤੋਂ ਇਲਾਵਾ ਖਾਧ ਪਦਾਰਥਾਂ ਵਿੱਚ ਹੋ ਰਹੀ ਮਿਲਾਵਟ ਮਨੁੱਖ ਸਿਹਤ ਨਾਲ ਹੋਰ ਵੀ ਖਿਲਵਾੜ ਕਰ ਰਹੀ ਹੈ। ਸਿੱਟੇ ਵਜੋਂ ਖੁਰਾਕੀ ਪੱਧਰ ਤੇ ਭਾਰਤ ਖੁਰਾਕ ਅਸੁਰੱਖਿਆ, ਅਨਾਜ ਦੀ ਬਰਬਾਦੀ ਅਤੇ ਖੁਰਾਕੀ ਪਦਾਰਥਾਂ ਵਿੱਚ ਹੋ ਰਹੀ ਮਿਲਾਵਟ ਵਰਗੀਆਂ ਤਿੰਨ ਮੁੱਖ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ।**

ਡਾ. ਮਨਪ੍ਰੀਤ ਕੌਰ, ਸਹਾਇਕ ਪ੍ਰੋਫੈਸਰ, ਅਰਥ ਸ਼ਾਸਤਰ,
ਬਾਬਾ ਫਰੀਦ ਲਾਅ ਕਾਲਜ, ਫਰੀਦਕੋਟ (ਮੋ. 97791-41063)

### ਖੁਰਾਕ ਅਸੁਰੱਖਿਆ

ਵਿਸ਼ਵ ਦੀ ਚੌਥੀ ਵੱਡੀ ਅਰਥਵਿਵਸਥਾ ਦਾ ਦਾਅਵਾ ਕਰਨ ਵਾਲਾ ਭਾਰਤ ਅਤੇ 2047 ਤੱਕ ਵਿਕਸਿਤ ਦੇਸ਼ ਦਾ ਮਨੋਰਥ ਰੱਖਣ ਵਾਲਾ ਭਾਰਤ ਅੱਜ ਗਲੋਬਲ ਹੰਗਰ ਇੰਡੈਕਸ 2025 ਅਰਥਾਤ ਵਿਸ਼ਵ ਭੁੱਖਮਰੀ ਸੂਚੀ ਦੇ ਅਨੁਸਾਰ ਵਿਸ਼ਵ ਦੇ ਕੁੱਲ 123 ਮੁਲਕਾਂ ਵਿੱਚੋਂ 102ਵੇਂ ਨੰਬਰ ਤੇ ਹੈ ਜਿਸਦਾ ਗਲੋਬਲ ਹੰਗਰ ਇੰਡੈਕਸ ਅੰਕ 25.8 ਹੈ। ਇਸਦਾ ਅਰਥ ਹੈ ਕਿ ਭਾਰਤ ਵਿੱਚ ਭੁੱਖਮਰੀ ਦਾ ਪੱਧਰ ਭਿਆਨਕ (Serious) ਹੈ। ਇਸ ਭੁੱਖਮਰੀ ਦਾ ਸ਼ਿਕਾਰ ਜ਼ਿਆਦਾਤਰ ਬੱਚੇ ਹਨ। ਸਿੱਟੇ ਵਜੋਂ ਤਕਰੀਬਨ 33 ਫ਼ੀਸਦੀ ਬੱਚਿਆਂ ਦਾ ਉਮਰ ਦੇ ਹਿਸਾਬ ਨਾਲ ਕੱਦ ਘੱਟ ਹੁੰਦਾ ਹੈ ਅਤੇ 18.7 ਫ਼ੀਸਦੀ ਦਾ ਕੱਦ ਦੇ ਹਿਸਾਬ ਨਾਲ ਭਾਰ ਘੱਟ ਹੁੰਦਾ ਹੈ। ਇਸ ਸੂਚੀ ਦੇ ਅਨੁਸਾਰ ਮੁਲਕ ਦੀ 12 ਫ਼ੀਸਦੀ ਵਸੋਂ ਕੁਪੋਸ਼ਣ ਦਾ ਸ਼ਿਕਾਰ ਹੈ। ਇਸ ਕੁਪੋਸ਼ਣ ਦੇ ਕਾਰਨ ਦੇਸ਼ ਦੇ 2.8 ਫ਼ੀਸਦੀ ਬੱਚੇ ਪੰਜ ਸਾਲ ਤੋਂ ਪਹਿਲਾਂ ਹੀ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਭਾਵੇਂ ਦੇਸ਼ ਦੀ ਤਕਰੀਬਨ 80 ਕਰੋੜ ਤੋਂ ਵੱਧ ਅਬਾਦੀ ਨੂੰ ਸਰਕਾਰ ਦੁਆਰਾ ਮੁਫਤ ਅਤੇ ਸਬਸਿਡੀ ਉੱਪਰ ਰਾਸ਼ਨ ਮੁਹੱਈਆ ਕਰਵਾਇਆ ਜਾਂਦਾ ਹੈ ਪਰ ਫਿਰ ਵੀ ਦੇਸ਼ ਦੀ 20 ਕਰੋੜ ਅਬਾਦੀ ਖੁਰਾਕੀ ਪੱਧਰ ਤੇ ਅਸੁਰੱਖਿਅਤ ਹੈ। ਦੂਸਰੇ ਸ਼ਬਦਾਂ ਵਿੱਚ ਹਰ ਪੰਜ ਵਿਅਕਤੀਆਂ ਪਿੱਛੇ ਇੱਕ ਵਿਅਕਤੀ ਲੋੜੀਂਦੇ ਪੌਸ਼ਟਿਕ ਭੋਜਨ ਦੀ ਅਣਹੋਂਦ ਕਾਰਨ ਬੀਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਗਰਭਵਤੀ ਔਰਤਾਂ ਵਿੱਚ ਇਹ ਅੰਕੜੇ ਹੋਰ ਵੀ ਹੈਰਾਨੀਜਨਕ ਹਨ। ਨੈਸ਼ਨਲ ਫੈਮਲੀ ਹੈਲਥ ਸਰਵੇ-5 2019-2021 ਦੇ ਅਨੁਸਾਰ ਦੇਸ਼ ਵਿੱਚ 57 ਫ਼ੀਸਦੀ ਗਰਭਵਤੀ ਔਰਤਾਂ ਖੂਨ ਦੀ ਕਮੀ ਨਾਲ ਪੀੜਿਤ ਹਨ।

### ਅੰਨ ਦੀ ਬਰਬਾਦੀ

ਜਿੱਥੇ ਦੇਸ਼ ਦੀ 20 ਫ਼ੀਸਦੀ ਵੱਸੋਂ ਪੌਸ਼ਟਿਕ ਅਨਾਜ ਦੀ ਕਮੀ ਦਾ ਸਾਹਮਣਾ ਕਰਦੇ ਹੋਏ ਭੁੱਖਮਰੀ ਅਤੇ ਬਿਮਾਰੀਆਂ ਦਾ ਸ਼ਿਕਾਰ ਹੋ ਰਹੀ ਹੈ, ਉਥੇ ਹੀ ਦੂਸਰੇ ਪਾਸੇ ਯੂਨਾਈਟਿਡ ਨੈਸ਼ਨਜ ਵਾਤਾਵਰਨ ਪ੍ਰੋਗਰਾਮ ਦੀ ਫੂਡ ਵੇਸਟ ਇੰਡੈਕਸ ਰਿਪੋਰਟ 2024 ਦੇ ਅਨੁਸਾਰ ਭਾਰਤ, ਚੀਨ ਤੋਂ ਬਾਅਦ, ਚੀਨ ਤੋਂ ਬਾਅਦ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਅਨਾਜ ਬਰਬਾਦ ਕਰਨ ਵਾਲਾ ਦੇਸ਼ ਹੈ ਜਿੱਥੇ ਮੁਲਕ ਦੇ ਸਲਾਨਾ 78.1 ਮਿਲੀਅਨ ਟਨ ਅੰਨ ਜਾਂ ਪ੍ਰਤੀ ਵਿਅਕਤੀ ਸਲਾਨਾ 55 ਕਿਲੋਗ੍ਰਾਮ ਅਨਾਜ ਦੀ ਬਰਬਾਦੀ ਹੋ ਰਹੀ ਹੈ ਜਿਸ ਦੀ ਕੀਮਤ 92,000 ਕਰੋੜ (18.5 ਬਿਲੀਅਨ ਅਮਰੀਕੀ ਡਾਲਰ) ਹੈ। ਭਾਰਤ ਵਿੱਚ ਖਪਤਕਾਰਾਂ ਤੱਕ ਪਹੁੰਚਣ ਵਾਲੇ ਭੋਜਨ ਦਾ 20 ਫ਼ੀਸਦੀ ਅਰਥਾਤ ਪੰਜਵਾਂ ਹਿੱਸਾ ਬਿਲਕੁਲ ਵਿਅਰਥ ਕਰਕੇ ਕੂੜੇਦਾਨ ਵਿੱਚ ਜਾਂਦਾ ਹੈ। ਇਸ ਤੋਂ ਇਲਾਵਾ ਤਕਰੀਬਨ 35-40 ਫ਼ੀਸਦੀ ਖੇਤੀ ਉਤਪਾਦਿਤ ਭੋਜਨ ਖਪਤਕਾਰ ਕੋਲ ਪਹੁੰਚਣ ਤੋਂ ਪਹਿਲਾਂ ਹੀ ਨਸ਼ਟ ਹੋ ਜਾਂਦਾ ਹੈ। ਜੇਕਰ ਹਰ ਪੱਧਰ ਤੇ ਦੇਖਿਆ ਜਾਵੇ ਤਾਂ ਇਸ ਬਰਬਾਦੀ ਦਾ 60 ਫ਼ੀਸਦੀ ਅੰਨ ਘਰੇਲੂ ਪੱਧਰ ਤੇ 28 ਫ਼ੀਸਦੀ ਭੋਜਨ ਸੇਵਾਵਾਂ ਵਾਲੇ ਪੱਧਰ ਤੇ ਅਤੇ 12 ਫ਼ੀਸਦੀ ਰੀਟੇਲ ਆਊਟਲੈਟ ਪੱਧਰ ਤੇ ਬਰਬਾਦ ਕੀਤਾ ਜਾਂਦਾ ਹੈ। ਜਿੰਨੇ ਵੱਡੇ ਪੱਧਰ ਤੇ ਭੋਜਨ ਦੀ ਇਹ ਬਰਬਾਦੀ ਹੋ ਰਹੀ ਹੈ ਜੇਕਰ ਇਸ ਉੱਪਰ ਬਹੁਤ ਹੱਦ ਤੱਕ ਕਾਬੂ ਪਾਇਆ ਜਾਵੇ ਤਾਂ ਇਹ ਭਾਰਤ ਦੇ ਕਿਸੇ ਗਰੀਬ ਸੂਬੇ ਨੂੰ ਪੂਰੇ ਸਾਲ ਭਰ ਤੱਕ ਰਾਸ਼ਨ ਮੁਹੱਈਆ ਕਰਕੇ ਅੰਨ ਅਸੁਰੱਖਿਆ ਨੂੰ ਵੱਡੇ ਪੱਧਰ ਤੱਕ ਘੱਟ ਕਰ ਸਕਦੀ ਹੈ।

ਭਾਰਤ ਵਿੱਚ ਖੁਰਾਕੀ ਬਰਬਾਦੀ ਦਾ ਸਭ ਤੋਂ ਵੱਡਾ ਕਾਰਨ ਲੋੜ ਤੋਂ ਵੱਧ ਭੋਜਨ ਪਕਵਾਨਾਂ ਦੀ ਤਿਆਰੀ ਹੈ। ਵਰਤਮਾਨ ਯੁੱਗ ਵਿੱਚ ਮਨੁੱਖ ਆਪਣੀ ਹੈਸੀਅਤ ਅਤੇ ਸ਼ਾਨੋ ਸ਼ੌਕਤ ਨੂੰ ਦਿਖਾਉਣ ਨਹੀ ਵਿਆਹਾਂ, ਤਿਉਹਾਰਾਂ ਅਤੇ ਹੋਰ ਪ੍ਰੋਗਰਾਮਾਂ ਸਮੇਂ ਲੋੜ ਤੋਂ ਵੱਧ ਵੱਖ-ਵੱਖ ਪਕਵਾਨਾਂ ਨੂੰ ਲੋੜ ਤੋਂ ਵੱਧ ਮਾਤਰਾ ਵਿੱਚ ਤਿਆਰ ਕਰਵਾਉਂਦਾ ਹੈ ਅਤੇ ਪ੍ਰੋਗਰਾਮ ਦੇ ਅੰਤ ਵਿੱਚ ਬੇਲੋੜੇ ਭੋਜਨ ਨੂੰ ਵੱਡੀ ਮਾਤਰਾ ਵਿੱਚ ਅਜਾਈ ਸੁੱਟ ਦਿੱਤਾ ਜਾਂਦਾ ਹੈ। ਜਿਸ ਨਾਲ ਵਾਤਾਵਰਨ ਵਿੱਚ ਮੀਥੇਨ ਵਰਗੀਆਂ ਖਤਰਨਾਕ ਗ੍ਰੀਨਹਾਊਨ ਗੈਸਾਂ ਉਤਪੰਨ ਹੁੰਦੀਆਂ ਹਨ ਜੋ ਬਾਅਦ ਵਿੱਚ ਆਲਮੀ ਤਪਸ਼ (ਗਲੋਬਲ ਵਾਰਮਿੰਗ) ਅਤੇ ਜਲਵਾਯੂ ਤਬਦੀਲੀ ਵਰਗੀਆਂ ਸਮੱਸਿਆਵਾਂ ਨੂੰ ਜਨਮ ਦਿੰਦੀਆਂ ਹਨ। ਇਸ ਤਰ੍ਹਾਂ ਭੋਜਨ ਦੀ ਬਰਬਾਦੀ 8-10 ਫ਼ੀਸਦੀ ਗ੍ਰੀਨ ਹਾਊਸ ਗੈਸਾਂ ਉਤਪੰਨ ਕਰਨ ਲਈ ਜ਼ਿੰਮੇਵਾਰ ਠਹਿਰਾਈ ਗਈ ਹੈ। ਗਰੀਬ ਅਤੇ ਅਲਪਵਿਕਸਿਤ ਦੇਸ਼ਾਂ ਵਿੱਚ ਇਸ ਸਮੱਸਿਆ ਦਾ ਦੂਜਾ ਵੱਡਾ ਕਾਰਨ ਉਤਪਾਦਨ ਤੋਂ ਖਪਤਕਾਰ ਤੱਕ ਦੀ ਵੰਡ ਲੜੀ ਵਿੱਚ ਨਿਪੁੰਨਤਾ ਦੀ ਘਾਟ ਹੈ। ਜਿਸ ਕਾਰਨ ਭੋਜਨ ਦਾ ਇੱਕ ਵੱਡਾ ਹਿੱਸਾ ਭੋਜਨ ਦੀ ਪੈਕਿੰਗ, ਸਾਂਭ ਸੰਭਾਲ, ਆਵਾਜਾਈ, ਭੰਡਾਰਨ (ਸਟੋਰੇਜ਼) ਅਤੇ ਵੰਡ ਦੌਰਾਨ ਖ਼ਰਾਬ ਹੋ ਜਾਂਦਾ ਹੈ। ਸਿੱਟੇ ਵਜੋਂ ਖੇਤੀ ਖੇਤਰ ਵਿੱਚ ਭੋਜਨ ਉਤਪਾਦਨ ਦੇ ਦੌਰਾਨ 30 ਫ਼ੀਸਦੀ ਤੋਂ ਵੱਧ ਵਰਤਿਆ ਜਾਣ ਵਾਲਾ ਪਾਣੀ ਉਸ ਭੋਜਨ ਦੇ ਉਤਪਾਦਨ ਲਈ ਵਰਤਿਆ ਜਾਂਦਾ ਹੈ ਜੋ ਉਤਪਾਦਨ ਤੋਂ ਵੰਡ ਲੜੀ ਦੌਰਾਨ ਹੀ ਨਸ਼ਟ ਹੋ ਜਾਂਦਾ ਹੈ। ਅਰਥਾਤ ਇਸ ਪਾਣੀ ਦੀ ਵਰਤੋਂ ਉਸ ਭੋਜਨ ਦੇ ਉਤਪਾਦਨ ਲਈ ਕੀਤੀ ਜਾਂਦੀ ਹੈ ਜੋ ਖੇਤ ਤੋਂ ਸਿੱਧਾ ਕੂੜੇਦਾਨ ਤੱਕ ਜਾਂਦਾ ਹੈ। ਇਸ ਤੋਂ ਇਲਾਵਾ ਇਹ ਕੇਵਲ ਅਨਾਜ ਦੀ ਬਰਬਾਦੀ ਨਹੀਂ ਬਲਕਿ ਅਨਾਜ ਪੈਦਾ ਕਰਨ ਲਈ ਵਰਤੇ ਜਾਣ ਵਾਲੇ ਬੀਜ, ਖਾਦ, ਪਾਣੀ, ਮਜ਼ਦੂਰੀ, ਊਰਜਾ, ਆਵਾਜਾਈ ਆਦਿ ਸਭ ਸਾਧਨਾਂ ਦੀ ਬਰਬਾਦੀ ਹੈ। ਭੋਜਨ ਦੀ ਬਰਬਾਦੀ ਜਿੱਥੇ ਭੋਜਨ ਦੀ ਘਾਟ ਪੈਦਾ ਕਰਕੇ ਅਨਾਜ ਦੀ ਮਹਿੰਗਾਈ ਵਰਗੀ ਸਮੱਸਿਆ ਪੈਦਾ ਕਰਦੀ ਹੈ ਉੱਥੇ ਹੀ ਮਹਿੰਗਾਈ ਆਮ ਅਤੇ ਗਰੀਬ ਵਰਗ ਦੇ ਖਪਤਕਾਰਾਂ ਨੂੰ ਗਰੀਬੀ ਅਤੇ ਕਰਜ਼ੇ ਦੇ ਜਾਲ ਵਿੱਚ ਫਸਾਉਂਦੀ ਹੈ।



### ਖੁਰਾਕੀ ਪਦਾਰਥਾਂ ਵਿੱਚ ਮਿਲਾਵਟ

ਖੇਤੀ ਪ੍ਰਧਾਨ ਦੇਸ਼ ਹੋਣ ਦੇ ਕਾਰਨ ਜਿੱਥੇ ਭਾਰਤ ਅਨੇਕਾਂ ਪ੍ਰਕਾਰ ਦੇ ਖਾਦ ਪਦਾਰਥਾਂ ਜਿਵੇਂ ਦੁੱਧ, ਦਾਲਾਂ, ਪਟਸਨ, ਕਣਕ, ਚੌਲ, ਗੰਨਾ, ਮੂੰਗਫਲੀ, ਫਲ, ਸਬਜ਼ੀਆਂ, ਮਸਾਲਿਆਂ, ਪੋਲਟਰੀ, ਮੱਛੀ ਅਤੇ ਪਸ਼ੂ ਪਾਲਣ ਆਦਿ ਵਿੱਚ ਦੁਨੀਆ ਭਰ ਵਿੱਚ ਮੂਹਰਲਾ ਸਥਾਨ ਰੱਖਦਾ ਹੈ ਉੱਥੇ ਹੀ ਇਸ ਮੁਲਕ ਵਿੱਚ ਖੁਰਾਕ ਪਦਾਰਥਾਂ ਵਿੱਚ ਮਿਲਾਵਟ ਦੀ ਸਮੱਸਿਆ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਦੇ ਲਗਭਗ ਚੌਥੇ ਤੋਂ ਪੰਜਵੇਂ ਹਿੱਸਾ ਸੈਂਪਲ ਫੇਲ੍ਹ ਹੋਣ ਕਾਰਨ ਖਪਤਕਾਰ ਵਰਗ ਲਈ ਸਿਹਤ ਪੱਖੋਂ ਜਿੱਥੇ ਵੱਡਾ ਸੰਕਟ ਖੜ੍ਹਾ ਹੋ ਜਾਂਦਾ ਹੈ। ਉੱਥੇ ਹੀ ਦੂਸਰੇ ਪਾਸੇ ਦੁੱਧ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ ਸਿੰਥੈਟਿਕ ਦੁੱਧ ਦਾ ਉਤਪਾਦਨ ਡੇਅਰੀ ਕਿਸਾਨਾਂ ਦੀ ਆਮਦਨ ਅਤੇ ਰੁਜ਼ਗਾਰ ਉੱਪਰ ਇੱਕ ਵੱਡੀ ਸੱਟ ਮਾਰਦਾ ਹੈ। ਤਿਉਹਾਰਾਂ ਦੇ ਸਮੇਂ ਦੌਰਾਨ ਬਣਨ ਵਾਲੀਆਂ ਮਠਿਆਈਆਂ ਵਿੱਚ ਵੀ ਸਭ ਤੋਂ ਵੱਧ ਮਿਲਾਵਟ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਫਲਾਂ ਅਤੇ ਸਬਜ਼ੀਆਂ ਉੱਪਰ ਵੀ ਖਤਰਨਾਕ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਕੀਤਾ ਜਾਂਦਾ ਹੈ। ਭਾਰਤ ਵਿੱਚ ਬਣਾਏ ਜਾਣ ਵਾਲੇ ਹਰ ਪ੍ਰਕਾਰ ਦੇ ਨਮਕ ਅਤੇ ਚੀਨੀ ਦੇ ਸੈਂਪਲਾਂ ਵਿੱਚ ਵੀ 0.1 ਐਮ. ਐਮ. ਤੋਂ 0.5 ਐਮ. ਐਮ. ਤੱਕ ਵੀ ਮਾਈਕ੍ਰੋਪਲਾਸਟਿਕ ਪਾਈ ਗਈ ਹੈ ਜੋ ਕਿ ਬਹੁਤ ਹੀ ਭਿਆਨਕ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ। ਜੇਕਰ ਅੰਤਰਰਾਸ਼ਟਰੀ ਪੱਧਰ ਤੇ ਦੇਖਿਆ ਜਾਵੇ ਤਾਂ ਪੁਰਾਤਨ ਯੁੱਗ ਤੋਂ ਮਿਰਚ-ਮਸਾਲਿਆਂ ਦੇ ਉਤਪਾਦਨ ਵਿੱਚ ਮੋਹਰੀ ਮੰਨਿਆ ਜਾਣ ਵਾਲਾ ਭਾਰਤ ਅੱਜ ਇਹਨਾਂ ਵਿਚਲੀ ਮਿਲਾਵਟ ਕਾਰਨ ਵਿਸ਼ਵ ਭਰ ਵਿੱਚ ਵੱਖ-ਵੱਖ ਦੇਸ਼ਾਂ ਦੁਆਰਾ ਇਹਨਾਂ ਦੇ ਅਯਾਤ ਤੇ ਲਗਾਈ ਜਾਣ ਵਾਲੀ ਪਾਬੰਦੀ ਦਾ ਸਾਹਮਣਾ ਕਰ ਰਿਹਾ ਹੈ। ਜਿੱਥੇ ਪਹਿਲਾਂ ਭਾਰਤ ਮਸਾਲਿਆਂ ਦੇ ਕੁੱਲ ਅੰਤਰਰਾਸ਼ਟਰੀ ਵਪਾਰ ਵਿੱਚ 20 ਫ਼ੀਸਦੀ ਯੋਗਦਾਨ ਪਾ ਕੇ ਤਕਰੀਬਨ 4 ਬਿਲੀਅਨ ਅਮਰੀਕੀ ਡਾਲਰ ਕਮਾ ਰਿਹਾ ਸੀ, ਉੱਥੇ ਪਿਛਲੇ ਸਾਲ ਵੱਖ-ਵੱਖ ਦੇਸ਼ਾਂ ਜਿਵੇਂ ਹਾਂਗਕਾਂਗ, ਸਿੰਗਾਪੁਰ, ਯੂਰਪੀ ਸੰਘ ਦੇ ਯੂਰਪੀਅਨ ਫੂਡ ਸੇਫਟੀ ਅਥਾਰਟੀ ਨੇ ਇਹਨਾਂ ਭਾਰਤੀ ਮਸਾਲਿਆਂ ਦੇ ਉੱਘੇ ਬ੍ਰਾਂਡਾਂ ਵਿੱਚ ਈਥਾਲੀਨ ਆਕਸਾਇਡ ਦੀ ਵਧੇਰੇ ਮਾਤਰਾ ਕਾਰਨ ਇਹਨਾਂ ਦੇ ਅਯਾਤ ਤੇ ਪਾਬੰਦੀ ਲਗਾ ਦਿੱਤੀ ਜਾਣ ਤੋਂ ਬਾਅਦ ਅਮਰੀਕਾ ਅਤੇ ਆਸਟ੍ਰੇਲੀਆ ਨੇ ਵੀ ਮਸਾਲਿਆਂ ਨੂੰ ਨਿਗਰਾਨੀ ਸੂਚੀ ਵਿੱਚ ਪਾ ਦਿੱਤਾ।

ਇਸ ਤਰ੍ਹਾਂ ਭਾਰਤ ਬਹੁ-ਪੱਖੀ ਖੁਰਾਕੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਜਿੱਥੇ ਭਾਰਤ ਦਾ 20 ਫ਼ੀਸਦੀ ਵੱਸੋਂ ਖੁਰਾਕੀ ਸੰਕਟ ਦਾ ਸਾਹਮਣਾ ਕਰ ਰਹੀ ਹੈ ਉੱਥੇ ਹੀ ਭਾਰਤ ਵਿੱਚ ਇਕੱਲੇ ਖਪਤਕਾਰਾਂ ਦੁਆਰਾ 20 ਫ਼ੀਸਦੀ ਭੋਜਨ ਨੂੰ ਪੂਰਨ ਤੌਰ ਤੇ ਬਰਬਾਦ ਕੀਤਾ ਜਾਂਦਾ ਹੈ। ਨਤੀਜੇ ਵਜੋਂ ਜੇਕਰ ਅੰਨ ਦੀ ਬਰਬਾਦੀ ਨੂੰ ਸਭ ਤੋਂ ਪਹਿਲਾਂ ਘਰੇਲੂ ਪੱਧਰ ਤੇ ਹੀ ਕੰਟਰੋਲ ਕੀਤਾ ਜਾਵੇ ਤਾਂ ਇਹ ਬਹੁਤ ਹੱਦ ਤੱਕ ਅੰਨ ਅਸੁਰੱਖਿਆ ਅਤੇ ਭੁੱਖਮਰੀ ਵਰਗੀਆਂ ਬੀਮਾਰੀਆਂ ਤੇ ਕਾਬੂ ਪਾ ਸਕਦੀ ਹੈ। ਇਸ ਤੋਂ ਇਲਾਵਾ ਜੇਕਰ ਫਿਰ ਵੀ ਕੁੱਝ ਭੋਜਨ ਵਿਅਰਥ ਜਾਂਦਾ ਹੈ ਤਾਂ ਇਸ ਨੂੰ ਲੈਂਡਫਿਲਿੰਗ ਦੀ ਬਜਾਏ ਜੀਵ ਜੰਤੂਆਂ ਨੂੰ ਪਹੁੰਚਾ ਕੇ ਜਾਂ ਫਿਰ ਬਾਇਓਗੈਸ ਦੇ ਨਿਰਮਾਣ ਤੇ ਲਗਾਇਆ ਜਾ ਸਕਦਾ ਹੈ ਜਿਸ ਨਾਲ ਵਾਤਾਵਰਨ ਉੱਪਰ ਪੈਣ ਵਾਲੇ ਮਾਰੂ ਪ੍ਰਭਾਵ ਵੀ ਘੱਟ ਕੀਤੇ ਜਾ ਸਕਦੇ ਹਨ। ਮੈਰਿਜ ਪੈਲੇਸਾਂ, ਹੋਟਲਾਂ ਅਤੇ ਰੈਸਟੋਰੈਂਟਾਂ ਉੱਪਰ ਵੀ ਅੰਨ ਦੀ ਬਰਬਾਦੀ ਤੇ ਸਖਤ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਇਸ ਦੁਆਰਾ ਹੋਣ ਵਾਲੇ ਪ੍ਰਦੂਸ਼ਣ ਦੀ ਰੋਕਥਾਮ ਲਈ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਨਿਰੰਤਰ ਨਿਗਰਾਨੀ ਰੱਖਣੀ ਚਾਹੀਦੀ ਹੈ। ਇਸ ਤੋਂ ਇਲਾਵਾ ਅੰਨ ਭੰਡਾਰਨ ਲਈ ਕੋਲਡ ਸਟੋਰ ਦੀ ਵੀ ਅਹਿਮ ਭੂਮਿਕਾ ਹੈ। ਭਾਵੇਂ ਸਰਕਾਰ ਦੁਆਰਾ ਅੰਨ ਦੀ ਬਰਬਾਦੀ ਤੇ ਕਾਬੂ ਪਾਉਣ ਲਈ ਕੋਲਡ ਸਟੋਰ ਤੇ ਸਬਸਿਡੀ ਵੀ ਦਿੱਤੀ ਜਾਂਦੀ ਹੈ ਪਰ ਫਿਰ ਵੀ ਕੋਲਡ ਸਟੋਰ ਦੀ ਬੁਕਿੰਗ ਦਾ ਜ਼ਿਆਦਾ ਫਾਇਦਾ ਵਪਾਰੀ ਵਰਗ ਨੂੰ ਮਿਲ ਰਿਹਾ ਹੈ ਪਰ ਕਿਸਾਨਾਂ ਨੂੰ ਇਸ ਦਾ ਬਹੁਤ ਘੱਟ ਲਾਭ ਪ੍ਰਾਪਤ ਹੋ ਰਿਹਾ ਹੈ। ਵਪਾਰੀਆਂ ਨੂੰ ਬਹੁਤ ਸਸਤੇ ਭਾਅ ਤੇ ਵੇਚਣ ਦੀ ਬਜਾਏ ਕਿਸਾਨਾਂ ਦੁਆਰਾ ਸਬਜ਼ੀਆਂ ਨੂੰ ਬਹੁਤ ਵਾਰ ਨਸ਼ਟ ਵੀ ਕਰ ਦਿੱਤਾ ਜਾਂਦਾ ਹੈ। ਇਹ ਇੱਕ ਤ੍ਰਾਸਦੀ ਭਰੀ ਸਥਿਤੀ ਹੈ। ਜਿੱਥੇ ਇਹ ਕਿਸਾਨਾਂ ਦੀ ਆਮਦਨ ਤੇ ਇੱਕ ਭਾਰੀ ਸੱਟ ਹੈ, ਉੱਥੇ ਹੀ ਦੂਸਰੇ ਖੁਰਾਕੀ ਪਦਾਰਥਾਂ ਦੀ ਬਰਬਾਦੀ ਦਾ ਵੀ ਸੰਕੇਤ ਹੈ। ਖੁਰਾਕੀ ਪਦਾਰਥਾਂ ਵਿੱਚ ਹੋ ਰਹੀ ਮਿਲਾਵਟ ਨੂੰ ਰੋਕਣ ਲਈ ਸਰਕਾਰ, ਪ੍ਰਸ਼ਾਸ਼ਨ, ਸਿਹਤ ਵਿਭਾਗ, ਫੂਡ ਸੇਫਟੀ ਅਤੇ ਸਟੈਂਡਰਡਜ ਅਥਾਰਿਟੀ ਆਫ਼ ਇੰਡੀਆ ਆਦਿ ਸਭ ਵਿਭਾਗਾਂ ਨੂੰ ਉਚੇਚੇ ਤੌਰ ਤੇ ਇਸ ਸਮੱਸਿਆ ਉੱਪਰ ਕਾਬੂ ਪਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਖੁਰਾਕੀ ਪਦਾਰਥਾਂ ਵਿੱਚ ਹੋਣ ਵਾਲੀ ਮਿਲਾਵਟ ਇੱਕ ਬਹੁਤ ਵੱਡਾ ਜ਼ੁਰਮ ਹੈ ਕਿਉਂਕਿ ਜਿੱਥੇ ਇਹ ਮਨੁੱਖੀ ਸਿਹਤ ਨਾਲ ਖਿਲਵਾੜ ਹੈ ਉੱਥੇ ਇਹ ਕਈ ਵਾਰ ਜਾਣ ਲੇਵਾ ਵੀ ਹੋ ਜਾਂਦਾ ਹੈ। ਪਰ ਭਾਰਤੀ ਕਾਨੂੰਨ ਅਤੇ ਨਿਆ ਪ੍ਰਣਾਲੀ ਅਨੁਸਾਰ ਇਸ ਅਪਰਾਧ ਦੀ ਸਜਾ ਬਹੁਤ ਘੱਟ ਹੈ। ਇੰਡੀਅਨ ਪੀਨਲ ਕੋਡ ਦੀ ਧਾਰਾ 272 ਅਤੇ 273 ਦੇ ਅਨੁਸਾਰ ਇਸ ਅਪਰਾਧ ਦੀ ਛੇ ਮਹੀਨੇ ਤੱਕ ਦੀ ਕੈਦ/ਅਤੇ ਜਾਂ 1000 ਰੁਪਏ ਤੱਕ ਦਾ ਜੁਰਮਾਨਾ ਹੈ। ਇਸ ਤਰ੍ਹਾ ਜਦੋਂ ਇੰਡੀਅਨ ਪੀਨਲ ਕੋਡ (ਭਾਰਤੀ ਦੰਡ ਸੰਘਤਾ) 1860 ਦੀ ਥਾਂ ਭਾਰਤੀ ਨਿਆ ਸੰਹਿਤਾ 2023 ਦੀ ਧਾਰਾ 274 ਵਿੱਚ ਸਿਰਫ਼ ਜੁਰਮਾਨੇ ਦੀ ਰਕਮ 1000 ਦੀ ਥਾਂ 5000 ਤੱਕ ਵਧਾਈ ਪਰ ਕੈਦ 6 ਮਹੀਨੇ ਤੱਕ ਹੀ ਰੱਖੀ ਇੱਥੋਂ ਤੱਕ ਕਿ ਇਸ ਸਜਾ ਨੂੰ ਉਮਰ ਕੈਦ (ਜੇਕਰ ਮਿਲਾਵਟ ਮੌਤ ਦਾ ਕਾਰਨ ਬਣਦੀ ਹੈ) ਤੱਕ ਵਧਾਉਣ ਲਈ ਲਾਅ ਕਮਿਸ਼ਨ ਅਤੇ ਫੂਡ ਸੇਫਟੀ ਅਤੇ ਸਟੈਂਡਰਡ ਅਥਾਰਟੀ ਆਫ ਇੰਡੀਆ ਦੁਆਰਾ ਸੁਝਾਅ ਵੀ ਪੇਸ਼ ਕੀਤੇ ਗਏ ਹਨ। ਅੰਤ ਵਿੱਚ ਭਾਰਤ ਵਿੱਚ ਖੁਰਾਕੀ ਪਦਾਰਥਾਂ ਦੇ ਵੱਧ ਰਹੇ ਸੰਕਟ ਨੂੰ ਹੱਲ ਕਰਨ ਲਈ ਸਰਕਾਰ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ 2030 ਤੱਕ ਭਾਰਤ ਟਿਕਾਊ ਵਿਕਾਸ ਟੀਚੇ (Sustainable Development Goals) ਦੇ ਟੀਚੇ-2 ਜ਼ਿਫਰ ਭੁੱਖਮਰੀ (Zero Hunger) ਅਤੇ ਟੀਚੇ-3 ਚੰਗੀ ਸਿਹਤ ਅਤੇ ਭਲਾਈ (Good Health & West Being) ਨੂੰ ਪ੍ਰਾਪਤ ਕੀਤਾ ਜਾ ਸਕੇ।



# ਪਰਾਲੀ ਦੇ ਮੁੱਦੇ 'ਤੇ ਛੋਟੇ ਕਿਸਾਨਾਂ ਦੀ ਬਾਂਹ ਫੜਨ ਦੀ ਲੋੜ

ਪ੍ਰਗਟ ਢਿੱਲੋਂ, ਮੋ. 98553-63234

**ਹਾਲਤ ਇਹ ਹੈ ਕਿ ਕਿਸਾਨਾਂ ਨੂੰ ਹਰ ਕੋਈ ਪਰਾਲੀ ਦੇ ਮੁੱਦੇ 'ਤੇ ਜ਼ਲੀਲ ਕਰਨ ਲੱਗ ਪਿਆ ਹੈ । ਦਰਅਸਲ, ਕਿਸਾਨ ਮਜ਼ਬੂਰ ਹਨ ਕਿਉਂਕਿ ਉਨ੍ਹਾਂ ਦੀਆਂ ਜੋਤਾਂ ਬਹੁਤ ਛੋਟੀਆਂ ਹਨ । ਇਸ ਲਈ ਉਨ੍ਹਾਂ ਕੋਲ ਪਰਾਲੀ ਦੇ ਕੁਦਰਤੀ ਨਿਪਟਾਰੇ ਦੇ ਸਾਧਨ ਨਹੀਂ । ਹਰ ਕੋਈ ਚੌਲ ਤਾਂ ਖਾਣਾ ਚਾਹੁੰਦਾ ਹੈ, ਪਰ ਝੋਨਾ ਲਾਉਣ ਵਾਲੇ ਕਿਸਾਨ ਦੀਆਂ ਸਮੱਸਿਆਵਾਂ ਹੱਲ ਨਹੀਂ ਕਰਨਾ ਚਾਹੁੰਦਾ ।**

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ। ਇਹ ਗੁਰੂਆਂ, ਪੀਰਾਂ, ਫ਼ਕੀਰਾਂ, ਯੋਧਿਆਂ, ਬਹਾਦਰਾਂ ਦੀ ਧਰਤੀ ਹੈ। ਪੰਜਾਬ ਦੇ ਬਹਾਦਰ ਲੋਕ ਕਿਸੇ ਨਾ ਕਿਸੇ ਮੁਸ਼ਕਿਲ ਨਾਲ ਹਰ ਰੋਜ਼ ਜੂਝਦੇ ਨਜ਼ਰ ਆਉਂਦੇ ਹਨ। ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਵਾਲੀ ਗੱਲ ਹੈ। ਖ਼ਾਸਕਰ ਪੰਜਾਬ ਦਾ ਕਿਸਾਨ ਤਾਂ ਪਹਿਲਾਂ ਹੀ ਬੜੀ ਗੁਰਬਤ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਭਾਵੇਂ ਸਰਕਾਰਾਂ ਕਿਸਾਨ ਹਿਤੈਸ਼ੀ ਹੋਣ ਦੇ ਲੱਖ ਦਾਅਵੇ ਕਰਨ, ਪਰ ਅਸਲ ਵਿੱਚ ਕਿਸਾਨ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਹੈ। ਉਹ ਵੇਲਾ ਯਾਦ ਕਰੋ, ਜਦੋਂ ਵਿਦੇਸ਼ ਤੋਂ ਅਨਾਜ ਮੰਗਾ ਕੇ ਦੇਸ਼ ਵਾਸੀਆਂ ਦਾ ਢਿੱਡ ਭਰਨਾ ਪੈਂਦਾ ਸੀ। ਜਦੋਂ ਕਿਸਾਨਾਂ ਨੇ ਦੇਸ਼ ਦੇ ਅੰਨ ਭੰਡਾਰ ਭਰ ਦਿੱਤੇ ਤਾਂ ਹਰ ਕੋਈ ਪਰਾਲੀ ਦੇ ਮੁੱਦੇ 'ਤੇ ਕਿਸਾਨ ਨੂੰ ਜ਼ਲੀਲ ਕਰਨ ਲੱਗ ਪਿਆ ਹੈ। ਦਰਅਸਲ, ਕਿਸਾਨ ਮਜ਼ਬੂਰ ਹਨ ਕਿਉਂਕਿ ਉਨ੍ਹਾਂ ਦੀਆਂ ਜੋਤਾਂ ਬਹੁਤ ਛੋਟੀਆਂ ਹਨ, ਇਸ ਲਈ ਉਨ੍ਹਾਂ ਕੋਲ ਪਰਾਲੀ ਦੇ ਕੁਦਰਤੀ ਨਿਪਟਾਰੇ ਦੇ ਸਾਧਨ ਨਹੀਂ। ਇਸ ਦੇ ਨਾਲ ਹੀ ਪਰਾਲੀ ਨੂੰ ਅੱਗ ਲਾਉਣ ਵਾਲਾ ਵੀ ਉਸੇ ਹਵਾ ਵਿੱਚ ਸਾਹ ਲੈਂਦਾ ਹੈ ਅਤੇ ਉਸ ਦੇ ਪਰਿਵਾਰਕ ਮੈਂਬਰ ਵੀ ਉਸੇ ਹਵਾ ਵਿੱਚ ਸਾਹ ਲੈਂਦੇ ਹਨ। ਹਰ ਕੋਈ ਚੌਲ ਤਾਂ ਖਾਣਾ ਚਾਹੁੰਦਾ ਹੈ, ਪਰ ਝੋਨਾ ਲਾਉਣ ਵਾਲੇ ਕਿਸਾਨ ਦੀਆਂ ਸਮੱਸਿਆਵਾਂ ਹੱਲ ਨਹੀਂ ਕਰਨਾ ਚਾਹੁੰਦਾ। ਝੋਨਾ ਲਾਉਣ ਤੋਂ ਰੋਕਣ ਲਈ ਕਿਸਾਨ ਨੂੰ ਹੋਰ ਬਦਲਵੀਆਂ ਫ਼ਸਲਾਂ 'ਤੇ ਸਮਰਥਨ ਮੁੱਲ ਜਾਂ ਪਰਾਲੀ ਦੇ ਖੇਤ ਵਿੱਚ ਹੀ ਨਿਪਟਾਰੇ ਲਈ ਪ੍ਰਤੀ ਏਕੜ ਵਾਜਬ ਖਰਚਾ ਦਿੱਤਾ ਜਾਣਾ ਚਾਹੀਦਾ ਹੈ। ਪਹਿਲਾਂ ਸਰਕਾਰ ਆਖਦੀ ਸੀ ਕਿ ਕੇਂਦਰ ਸਰਕਾਰ 1500 ਰੁਪਏ ਪਰਾਲੀ ਨੂੰ ਖੇਤ ਵਿੱਚ ਨਸ਼ਟ ਕਰਨ ਦੇ ਦੇਵੇ ਤਾਂ ਸੂਬਾਈ ਸਰਕਾਰ ਕਿਸਾਨਾਂ ਨੂੰ 1000 ਰੁਪਏ ਦੇਵੇਗੀ, ਪਰ ਇਹ ਵਾਅਦਾ ਵਫ਼ਾ ਨਹੀਂ ਹੋ ਸਕਿਆ। ਕਿਸਾਨਾਂ ਨੂੰ ਝੋਨਾ ਲਾਉਣ ਤੋਂ ਰੋਕਣ ਲਈ ਕੋਈ ਨਾ ਕੋਈ ਬਦਲ ਤਾਂ ਦੇਣਾ ਹੀ ਪਵੇਗਾ। ਕਿਸਾਨ ਉਹ ਹਰ ਫ਼ਸਲ ਬੀਜਣ ਲਈ ਤਿਆਰ ਹੋ ਸਕਦੇ ਹਨ, ਜਿਸ 'ਤੇ ਐੱਮਐੱਸਪੀ ਮਿਲੇ। ਦਰਅਸਲ, ਕਣਕ ਅਤੇ ਝੋਨੇ ਤੋਂ ਇਲਾਵਾ ਕਿਸੇ ਹੋਰ ਫ਼ਸਲ 'ਤੇ ਐੱਮਐੱਸਪੀ ਨਹੀਂ ਮਿਲਦੀ। ਮੂੰਗੀ ਦਾ ਸਮਰਥਨ ਮੁੱਲ 7250 ਰੁਪਏ ਨਿਰਧਾਰਤ ਕੀਤਾ ਗਿਆ ਸੀ, ਪਰ ਸਭ ਨੂੰ ਪਤਾ ਹੈ ਕਿ ਕਈ ਕਿਸਾਨ ਵੀਰਾਂ ਨੇ 4000-4500 ਨੂੰ ਵੇਚੀ ਹੈ। ਬਦਲਵੀਂ ਫ਼ਸਲ ਵਜੋਂ ਜਦੋਂ ਮੂੰਗੀ 'ਤੇ ਸਮਰਥਨ ਮੁੱਲ ਮਿਲਣ ਦਾ ਵਾਅਦਾ ਵਫ਼ਾ ਨਹੀਂ ਹੋਇਆ ਤਾਂ ਕਿਸਾਨ ਦੁਬਾਰਾ ਮੂੰਗੀ ਕਿਉਂ ਬੀਜਣਗੇ।

ਸਰਕਾਰ ਦੇ ਦਾਅਵੇ ਮੁਤਾਬਿਕ ਪੰਜਾਬ ਦੀਆਂ ਸਹਿਕਾਰੀ ਸਭਾਵਾਂ ਨੂੰ 1,40,000 ਮਸ਼ੀਨਾਂ ਸਬਸਿਡੀ 'ਤੇ ਦਿੱਤੀਆਂ ਗਈਆਂ ਹਨ। ਪੰਜਾਬ ਦੇ 12,700 ਪਿੰਡ ਹਨ। ਇਸ ਹਿਸਾਬ ਨਾਲ ਪਿੰਡ ਵਿੱਚ ਘੱਟੋ-ਘੱਟ ਦਸ ਬਾਰਾਂ ਮਸ਼ੀਨਾਂ ਹੋਣੀਆਂ ਚਾਹੀਦੀਆਂ ਹਨ, ਪਰ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਕਿਸੇ ਨੂੰ ਇੱਕ ਵੀ ਮਸ਼ੀਨ ਨਹੀਂ ਦਿਸੀ।

ਹੁਣ ਛੋਟੇ ਤੇ ਦਰਮਿਆਨੇ ਕਿਸਾਨ ਆਈ ਚਲਾਈ ਕਰਨ ਲਈ ਹੀ ਖੇਤੀ ਕਰਦੇ ਹਨ। ਵੱਡੇ ਜ਼ਿੰਮੀਂਦਾਰਾਂ ਨੇ ਤਾਂ ਖੇਤੀ ਛੱਡ ਦਿੱਤੀ ਹੈ ਕਿਉਂਕਿ ਹੁਣ ਖੇਤੀ ਲਾਹੇਵੰਦ ਧੰਦਾ ਨਹੀਂ ਰਿਹਾ। ਇਸ ਤੋਂ ਪਹਿਲਾਂ ਕਿਸਾਨ ਛੋਟੇ ਟਰੈਕਟਰਾਂ ਨਾਲ ਖੇਤੀ ਕਰਦੇ ਸਨ, ਪਰ ਹੁਣ ਪਰਾਲੀ ਨੂੰ ਖੇਤ ਵਿੱਚ ਹੀ ਵਾਹੁਣ ਲਈ ਛੋਟੇ ਟਰੈਕਟਰ ਕੰਮ ਨਹੀਂ ਆ ਸਕਦੇ। ਇਸ ਤੋਂ ਇਲਾਵਾ ਹਲ, ਸੁਹਾਗਾ, ਤਵੀਆਂ, ਜਿੰਦਰਾ, ਕਣਕ ਬੀਜਣ ਵਾਲੀ ਮਸ਼ੀਨ ਸਭ ਕਬਾੜ ਦੇ ਭਾਅ ਵੇਚੇ ਹਨ। ਦਰਅਸਲ, ਛੋਟੇ ਟਰੈਕਟਰਾਂ ਨਾਲ ਸੁਪਰ ਸੀਡਰ, ਰੋਟਾਵੇਟਰ, ਜੈਨਰੇਟਰ ਵਗੈਰਾ ਨਹੀਂ ਚਲਾਏ ਜਾ ਸਕਦੇ, ਇਹ ਤਾਂ ਘੱਟੋ-ਘੱਟ 60 ਹਾਰਸ ਪਾਵਰ ਦੇ ਟਰੈਕਟਰ ਨਾਲ ਹੀ ਚਲਾਏ ਜਾ ਸਕਦੇ ਹਨ। ਵੱਡੇ ਟਰੈਕਟਰ ਦੀ ਕੀਮਤ ਨੌਂ ਦਸ ਲੱਖ ਰੁਪਏ ਦੇ ਕਰੀਬ ਹੈ। ਇਸ ਲਈ ਛੋਟੇ ਕਿਸਾਨ ਇਹ ਨਹੀਂ ਖਰੀਦ ਸਕਦੇ ਕਿਉਂਕਿ ਜ਼ਿਆਦਾਤਰ ਛੋਟੇ ਕਿਸਾਨ ਤਾਂ ਪਹਿਲਾਂ ਹੀ ਕਰਜ਼ੇ ਵਿੱਚ ਡੁੱਬੇ ਹੋਏ ਹਨ। ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਿਕ ਫ਼ਸਲਾਂ ਦੇ ਭਾਅ ਦੇਣ ਜਾਂ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ ਮਹਿਜ਼ ਲਾਰੇ ਬਣ ਕੇ ਰਹਿ ਗਏ। ਅਸਲ ਵਿੱਚ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ ਹੈ। ਹਰ ਵਾਰ ਵੋਟਾਂ ਤੋਂ ਬਾਅਦ ਕਿਸਾਨ ਆਪਣੇ-ਆਪ ਨੂੰ ਠੱਗਿਆ ਮਹਿਸੂਸ ਕਰਦਾ ਹੈ। ਦਿਨੋਂ-ਦਿਨ ਕਰਜ਼ਾਈ ਹੁੰਦਾ ਕਿਸਾਨ ਕਈ ਵਾਰ ਖ਼ੁਦਕੁਸ਼ੀ ਦੇ ਰਾਹ ਪੈ ਜਾਂਦਾ ਹੈ।

ਜੀਪ, ਕਾਰ, ਟਰੱਕ, ਬੱਸ ਜਾਂ ਮੋਟਰਸਾਈਕਲ ਭਾਵ ਕੋਈ ਵੀ ਵਾਹਨ ਧੂੰਆਂ ਵੀ ਮਾਰਦਾ ਹੋਵੇ ਤਾਂ ਪੰਜਾਹ ਰੁਪਏ ਵਿੱਚ ਪ੍ਰਦੂਸ਼ਣ ਸਰਟੀਫਿਕੇਟ ਮਿਲ ਜਾਂਦਾ ਹੈ ਅਤੇ ਉਸ ਦਾ ਚਲਾਨ ਨਹੀਂ ਕੱਟਿਆ ਜਾਂਦਾ। ਸਰਕਾਰਾਂ ਨੂੰ 'ਫੰਡ' ਦੇਣ ਵਾਲਿਆਂ ਦੀਆਂ ਫੈਕਟਰੀਆਂ ਸਾਰਾ ਸਾਲ ਧੂੰਆਂ (ਕਾਰਬਨ) ਛੱਡੀ ਜਾਂਦੀਆਂ ਹਨ। ਉਨ੍ਹਾਂ 'ਤੇ ਸ਼ਿਕੰਜਾ ਕਿਉਂ ਨਹੀਂ ਕਸਿਆ ਜਾਂਦਾ।

ਸਰਕਾਰਾਂ ਤੇ ਅਦਾਲਤਾਂ ਨੂੰ ਬੇਨਤੀ ਹੈ ਕਿ 'ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ' ਵਾਲੀ ਗੱਲ 'ਤੇ ਪਹਿਰਾ ਦੇਣ। ਛੋਟੇ ਕਿਸਾਨਾਂ ਦੀ ਬਾਂਹ ਫੜਦਿਆਂ ਉਨ੍ਹਾਂ ਦੀ ਆਰਥਿਕ ਹਾਲਤ ਸੁਧਾਰਨ। ਉਨ੍ਹਾਂ 'ਤੇ ਪਰਚੇ ਦਰਜ ਕਰਨਾ ਅਤੇ ਉਨ੍ਹਾਂ ਦੀ ਜ਼ਮੀਨ ਰੈੱਡ ਐਂਟਰੀ ਵਿੱਚ ਪਾਉਣਾ ਪਰਾਲੀ ਦੇ ਮਸਲੇ ਦਾ ਹੱਲ ਨਹੀਂ। ਅਜਿਹਾ ਕਰਨ ਨਾਲ ਤਾਂ ਗਰੀਬ ਕਿਸਾਨ ਸਰਕਾਰੀ ਸਹੂਲਤਾਂ ਤੋਂ ਵਾਂਝੇ ਰਹਿ ਜਾਣਗੇ। ਸਰਕਾਰਾਂ ਨੂੰ ਚਾਹੀਦਾ ਹੈ ਕਿ ਗਰੀਬ ਕਿਸਾਨਾਂ ਦੀ ਵੱਧ ਤੋਂ ਵੱਧ ਮੱਦਦ ਕਰਨ। ਖੇਤੀ ਲਾਹੇਵੰਦ ਧੰਦਾ ਨਾ ਰਹਿਣ ਕਾਰਨ ਮਜ਼ਬੂਰੀਵੱਸ ਪਰਵਾਸ ਕਰ ਰਹੇ ਧੀਆਂ ਪੁੱਤਰ ਸ਼ਾਇਦ ਮੱਦਦ ਮਿਲਣ ਨਾਲ ਇਹ ਕਦਮ ਨਾ ਚੁੱਕਣ ਅਤੇ ਦੇਸ਼ ਵਿੱਚ ਰਹਿ ਕੇ ਹੀ ਚੰਗੀ ਜ਼ਿੰਦਗੀ ਜਿਊਣ ਅਤੇ ਦੇਸ਼ ਦੀ ਤਰੱਕੀ ਵਿੱਚ ਬਣਦਾ ਹਿੱਸਾ ਪਾ ਸਕਣ।



# ਬਹੁ-ਪਰਤੀ ਸਮੱਸਿਆ ਹੈ ਪਰਾਲੀ ਨੂੰ ਸਾੜਨਾ

ਸੁਖਪਾਲ ਸਿੰਘ ਗਿੱਲ, ਅਬਿਆਣਾ ਕਲਾਂ, ਮੋਬਾਇਲ : 98781-11445

ਪਰਾਲੀ ਦਾ ਸਿਆਸੀ ਧੂੰਆਂ ਦਿੱਲੀ ਅਤੇ ਲਾਹੌਰ ਵੱਲੋਂ ਹੁੰਦਾ ਹੋਇਆ ਪੰਜਾਬ ਨੂੰ ਧੂੰਆਂਖਣ ਦਾ ਯਤਨ ਕਰਦਾ ਰਹਿੰਦਾ ਹੈ। ਇਸੇ ਪ੍ਰਸੰਗ ਵਿੱਚ ਪੰਜਾਬ ਵਿੱਚ ਹਰ ਸਾਲ ਯਥਾਰਥ ਤੌਰ 'ਤੇ ਪਰਾਲੀ ਸਾੜਨ ਦੀ ਸਮੱਸਿਆ ਚਰਚਾ ਵਿੱਚ ਰਹਿੰਦੀ ਹੈ। ਸਮਾਜਿਕ ਤੇ ਕਾਨੂੰਨੀ ਤੌਰ 'ਤੇ ਵਾਤਾਵਰਨ ਨੂੰ ਬਚਾਉਣਾ ਸਾਡਾ ਸਭ ਦਾ ਫ਼ਰਜ਼ ਹੈ। ਇਸ 'ਤੇ ਪੰਜਾਬੀਆਂ ਨੂੰ ਇਮਾਨਦਾਰੀ ਨਾਲ ਪਹਿਰਾ ਦੇਣ ਦੀ ਅਤਿਅੰਤ ਲੋੜ ਹੈ। ਪਾਣੀ ਬਚਾਉਣ ਲਈ ਇੱਕ ਰਿਪੋਰਟ ਅਨੁਸਾਰ ਝੋਨੇ ਹੇਠ ਰਕਬਾ 15 ਲੱਖ ਹੈਕਟੇਅਰ ਚਾਹੀਦਾ ਹੈ, ਜਦਕਿ 2018-19 ਵਿੱਚ 3107 ਲੱਖ ਹੈਕਟੇਅਰ ਰਕਬਾ ਝੋਨੇ ਹੇਠ ਸੀ, ਜੋ ਹਰ ਸਾਲ ਵੱਧ ਰਿਹਾ ਹੈ। ਸਰਕਾਰ ਦੇ ਜਾਗਰੂਕਤਾ ਅਭਿਆਨ ਅਤੇ ਉਪਰਾਲਿਆਂ ਸਦਕਾ ਵੀ ਅਸੀਂ ਸਰਕਾਰ ਦਾ ਬਹੁਤਾ ਸਹਿਯੋਗ ਨਹੀਂ ਕਰ ਰਹੇ। ਸਰਕਾਰ ਫ਼ਸਲੀ ਚੱਕਰ ਵਿੱਚੋਂ ਕੱਢਣ ਲਈ ਰੌਲਾ ਪਾ-ਪਾ ਕੇ ਹਟ ਜਾਂਦੀ ਹੈ ਪਰ ਅਸੀਂ ਘੁੰਮ-ਫਿਰ ਕੇ ਫਿਰ ਉੱਥੇ ਹੀ ਖੜ੍ਹੇ ਰਹਿੰਦੇ ਹਾਂ ਤੇ ਵਾਤਾਵਰਨ ਨੂੰ ਬਚਾਉਣ ਲਈ ਬਹੁਤਾ ਸਾਥ ਨਹੀਂ ਦਿੰਦੇ।

ਪਰਾਲੀ ਸਾੜਨਾ ਇੱਕ ਬਹੁ-ਪਰਤੀ ਸਮੱਸਿਆ ਹੈ। ਕਿਸਾਨ ਦੀ ਮਜ਼ਬੂਰੀ ਸਮਝ ਕੇ ਸਰਕਾਰ ਨੂੰ ਹੱਲ ਕੱਢਣਾ ਚਾਹੀਦਾ ਹੈ। ਪਰਾਲੀ ਸਾੜਦੇ ਸਮੇਂ ਖੇਤ ਨੂੰ ਬਹੁਤ ਨੁਕਸਾਨ ਝੱਲਣੇ ਪੈਂਦੇ ਹਨ। ਇਸ ਨਾਲ ਫ਼ਸਲ ਦੀ ਗੁਣਵੱਤਾ ਘੱਟਦੀ ਹੈ, ਅਗਲੀ ਫ਼ਸਲ ਲਈ ਵੀ ਨੁਕਸਾਨ ਹੁੰਦਾ ਹੈ ਤੇ ਮਿੱਟੀ ਦੀ ਉਪਜਾਊ ਸ਼ਕਤੀ ਘੱਟਦੀ ਹੈ। ਪਰਾਲੀ ਸਾੜਨ ਨਾਲ ਇੱਕਦਮ ਕਿਸਾਨ ਨੂੰ ਫ਼ਾਇਦਾ ਤਾਂ ਹੁੰਦਾ ਹੈ ਪਰ ਜ਼ਮੀਨ ਦੇ ਪੌਸ਼ਟਿਕ ਤੱਤ ਖ਼ਤਮ ਕਰ ਦਿੱਤੇ ਜਾਂਦੇ ਹਨ। ਇਸ ਲਈ ਪਰਾਲੀ ਸਾੜਨ ਦੇ ਨੁਕਸਾਨ ਵੱਧ ਹਨ, ਜਿਸ ਤੋਂ ਬਚਣਾ ਬਹੁਤ ਜ਼ਰੂਰੀ ਹੈ।

ਸਾਡੀਆਂ ਅਦਾਲਤਾਂ ਵੀ ਪਰਾਲੀ ਦੇ ਵਿਸ਼ੇ 'ਤੇ ਸਖ਼ਤ ਹੋ ਰਹੀਆਂ ਹਨ। ਉੱਧਰ ਕਿਸਾਨ ਆਗੂ ਕਹਿੰਦੇ ਹਨ ਕਿ ਕਿਸਾਨਾਂ ਨੂੰ ਪਰਾਲੀ ਜ਼ਰੀਏ ਪ੍ਰਦੂਸ਼ਣ ਲਈ ਜ਼ਿੰਮੇਵਾਰ ਠਹਿਰਾਉਣਾ ਸਹੀ ਨਹੀਂ ਹੈ। ਆਗੂ ਦੱਸਦੇ ਹਨ ਕਿ ਕਿਸਾਨ 8% ਪ੍ਰਦੂਸ਼ਣ ਫੈਲਾਉਂਦਾ ਹੈ, ਜਦਕਿ ਬਾਕੀ ਦਾ ਪ੍ਰਦੂਸ਼ਣ ਵੱਡੀਆਂ ਸਨਅਤਾਂ ਫੈਲਾਉਂਦੀਆਂ ਹਨ। ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ 300 ਰੁਪਇਆ ਪ੍ਰਤੀ ਕੁਇੰਟਲ ਮਿਲਣ ਦੀ ਮੰਗ ਵੀ ਉਠਾਈ ਜਾਂਦੀ ਹੈ। ਪੰਜਾਬ ਵਿੱਚ ਪਰਾਲੀ ਸਾੜਨ ਦੇ ਮਾਮਲੇ 2022 ਵਿੱਚ 48,489, 2023 ਵਿੱਚ 36,663 ਤੇ 2024 ਵਿੱਚ 10,909 ਸਾਹਮਣੇ ਆਏ ਸਨ। ਪਿਛਲੇ ਸਾਲ ਨਵੰਬਰ ਦੇ ਪਹਿਲੇ ਹਫ਼ਤੇ ਤੱਕ 27 ਪੁਲਿਸ ਕੇਸ ਪੰਜਾਬ ਵਿੱਚ ਪਰਾਲੀ ਸਾੜਨ ਸੰਬੰਧੀ ਦਰਜ ਹੋਏ ਸਨ। ਪਰਾਲੀ ਸਾੜਨ ਸੰਬੰਧੀ 67% ਕੇਸ ਦਰਜ ਹੋਏ, 48% ਕੇਸਾਂ ਦਾ ਮਾਲ ਰਿਕਾਰਡ ਵਿੱਚ 'ਰੈੱਡ ਐਂਟਰੀ' ਹੋਈ। ਪਰਾਲੀ ਸਾੜਨ ਸੰਬੰਧੀ ਜੁਰਮਾਨੇ ਵੀ ਕੀਤੇ ਗਏ। ਸਭ ਤੋਂ ਵੱਧ 423 ਕੇਸ ਤਰਨ ਤਾਰਨ ਜ਼ਿਲ੍ਹੇ ਵਿੱਚ ਦਰਜ ਹੋਏ ਸਨ।

ਪਰਾਲੀ ਸਾੜਨ ਨਾਲ ਜ਼ਮੀਨ ਦੀ ਨਮੀ ਅਤੇ ਤਾਪਮਾਨ ਅਨੁਕੂਲ ਨਹੀਂ ਰਹਿੰਦੇ। ਜਦੋਂ ਅਸੀਂ ਪਰਾਲੀ ਨੂੰ ਸਾੜਨ ਦੀ ਬਜਾਏ ਖੇਤਾਂ ਵਿੱਚ ਦਬਾ ਦਿੰਦੇ ਹਾਂ ਤਾਂ ਵਾਤਾਵਰਨ ਫ਼ਸਲਾਂ ਲਈ ਅਨੁਕੂਲ ਰਹਿੰਦਾ ਹੈ ਤੇ ਇਹ ਸਭ ਤੋਂ ਵੱਡਾ ਗੁਣ ਹੈ ਪਰ ਇਸ ਨੂੰ ਅਸੀਂ ਦੇਖਦੇ ਹੀ ਨਹੀਂ। ਦੂਜੇ ਪਾਸੇ ਪਰਾਲੀ ਜੀਵ-ਜੰਤੂਆਂ ਨੂੰ ਵੀ ਬਚਾ ਕੇ ਰੱਖਦੀ ਹੈ। ਪਰਾਲੀ ਨੂੰ ਖੇਤਾਂ ਵਿੱਚ ਸਹੀ ਸਮੇਂ ਅਤੇ ਸਹੀ ਤਰੀਕੇ ਨਾਲ ਵਾਹ ਕੇ ਮਿੱਟੀ ਨੂੰ ਵੱਧ ਉਪਜਾਊ ਬਣਾਇਆ ਜਾ ਸਕਦਾ ਹੈ। ਪਰਾਲੀ ਨੂੰ ਮਿੱਟੀ ਵਿੱਚ ਦੱਬਣ ਕਰਕੇ 26% ਨਾਈਟ੍ਰੋਜਨ, 14% ਫਾਸਫੋਰਸ ਅਤੇ 24% ਪੋਟਾਸ਼ੀਅਮ ਮਿਲਦੀ ਹੈ। ਪਰਾਲੀ ਦੱਬਣ ਲਈ ਉਲਟਾਵਾਂ ਹਲ, ਰੋਟਾਵੇਟਰ ਅਤੇ ਹੈਪੀ ਸੀਡਰ ਤਕਨੀਕ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਹੋਰ ਵੀ ਕਾਰਗਰ ਮਸ਼ੀਨਾਂ ਹਨ, ਜੋ ਪਰਾਲੀ ਦਾ ਹੱਲ ਕੱਢ ਸਕਦੀਆਂ ਹਨ। 2013 ਵਿੱਚ ਕਣਕ ਤੇ ਪਰਾਲੀ ਦੀ ਰਹਿੰਦ-ਖੂਹੰਦ ਨੂੰ ਸਾੜਨ ਦੇ ਮਾਮਲੇ ਕਾਨੂੰਨੀ ਦਾਇਰੇ ਹੇਠ ਲਿਆਂਦੇ ਗਏ ਹਨ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਲਈ ਕਿਸਾਨਾਂ ਦੀ ਮਦਦ ਲਈ ਸਰਕਾਰੀ ਧਿਰ ਨੂੰ ਕਿਹਾ ਸੀ। ਖੇਤੀਬਾੜੀ ਮਹਿਕਮਾ ਵੀ ਇਸ ਸਮੱਸਿਆ ਨਾਲ ਨਜਿੱਠਣ ਲਈ ਆਪਣਾ ਯੋਗਦਾਨ ਪਾਉਂਦਾ ਰਹਿੰਦਾ ਹੈ। ਹਰ ਸਾਲ ਪਾਣੀ ਦਾ ਪੱਧਰ 33 ਸੈਂਟੀਮੀਟਰ ਹੇਠਾਂ ਜਾਣ ਦਾ ਕਾਰਨ ਵੀ ਝੋਨਾ ਲਗਾਉਣਾ ਹੈ। ਇਸ ਤੋਂ ਇਲਾਵਾ ਪਰਾਲੀ ਨੂੰ ਸਾੜਨ ਸੰਬੰਧੀ ਬਹੁ-ਪਰਤੀ ਸਮੱਸਿਆ ਆਉਂਦੀ ਹੈ। ਪਰਾਲੀ ਦੀ ਸਹੀ ਵਰਤੋਂ ਪਸ਼ੂਆਂ ਨੂੰ ਸੁੱਕੇ ਘਾਹ ਲਈ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਨੂੰ ਸੇਬਾਂ ਦੀ ਪੈਕਿੰਗ ਲਈ ਪਰਾਲੀ ਭੇਜ ਕੇ ਵੀ ਇਸ ਦੀ ਸਹੀ ਵਰਤੋਂ ਕੀਤੀ ਜਾ ਸਕਦੀ ਹੈ। ਪਰਾਲੀ ਨੂੰ ਸਾੜਨ ਕਰਕੇ ਸੜਕਾਂ 'ਤੇ ਧੂੰਆਂ ਹੋਣ ਕਾਰਨ ਕਈ ਵਾਰ ਹਾਦਸੇ ਵੀ ਵਾਪਰ ਜਾਂਦੇ ਹਨ, ਜਿਸ ਕਾਰਨ ਜਾਨਾਂ ਨੂੰ ਖ਼ਤਰਾ ਬਣਿਆ ਰਹਿੰਦਾ ਹੈ। ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਵਾਤਾਵਰਨ ਜਿਸ ਵਿੱਚੋਂ ਅਸੀਂ ਸਾਹ ਲੈਣ ਲਈ ਆਕਸੀਜਨ ਲੈਣੀ ਹੈ, ਦਾ ਪੂਰਾ ਧਿਆਨ ਰੱਖੀਏ। ਕਿਸਾਨ ਪਰਾਲੀ ਦੀ ਸਹੀ ਵਰਤੋਂ ਕਰਕੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ। ਸਰਕਾਰਾਂ ਨੂੰ ਵੀ ਪਰਾਲੀ ਨਾ ਸਾੜਨ ਦੇ ਬਦਲ ਵਜੋਂ ਕਿਰਾਏ ਦੀਆਂ ਮਸ਼ੀਨਾਂ ਜਾਂ ਸਬਸਿਡੀ ਉਪਲਬਧ ਕਰਾਉਣੀਆਂ ਚਾਹੀਦੀਆਂ ਹਨ ਤਾਂ ਜੋ ਕਿਸਾਨਾਂ ਲਈ ਸੌਖ ਹੋ ਸਕੇ। ਮੁੱਕਦੀ ਗੱਲ ਇਹ ਹੈ ਕਿ ਸਰਕਾਰ ਤੇ ਕਿਸਾਨਾਂ ਨੂੰ ਆਪਸੀ ਸੁਰ ਮਿਲਾ ਕੇ ਪਰਾਲੀ ਨਾ ਸਾੜਨ ਸੰਬੰਧੀ ਉੱਦਮ ਤੇਜ਼ ਕਰਨੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਵਾਤਾਵਰਨ ਸੰਬੰਧੀ ਸਾਹਮਣੇ ਆਉਣ ਵਾਲੇ ਹੋਰ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕੇ।

ਗੋਭੀ ਸਰ੍ਹੋਂ ਤੇਲ ਵਾਲੀ ਫ਼ਸਲ ਦੀ ਨਵੀਂ ਕਿਸਮ ਹੈ। ਇਹ ਲੰਬੇ ਸਮੇਂ ਵਾਲੀ ਫ਼ਸਲ ਹੈ ਤੇ ਹਰਿਆਣਾ, ਪੰਜਾਬ ਤੇ ਹਿਮਾਚਲ ਵਿੱਚ ਇਸ ਦੀ ਸਭ ਤੋਂ ਵੱਧ ਕਾਸ਼ਤ ਕੀਤੀ ਜਾਂਦੀ ਹੈ...



# ਤੇਲ ਵਾਲੀਆਂ ਫ਼ਸਲਾਂ ਦੀ ਬਿਜਾਈ ਤੇ ਦੇਖਭਾਲ

ਸਰ੍ਹੋਂ ਚੌਥੇ ਨੰਬਰ ਦੀ ਤੇਲ ਬੀਜ ਫ਼ਸਲ ਹੈ ਅਤੇ ਇਨ੍ਹਾਂ ਫ਼ਸਲਾਂ ਵਿੱਚ ਸਰ੍ਹੋਂ ਦਾ 28.6 ਫ਼ੀਸਦ ਹਿੱਸਾ ਹੈ। ਸੰਸਾਰ ਵਿੱਚ ਇਹ ਸੋਇਆਬੀਨ ਤੇ ਪਾਮ ਦੇ ਤੇਲ ਤੋਂ ਬਾਅਦ ਤੀਜੀ ਸਭ ਤੋਂ ਵੱਧ ਮਹੱਤਵਪੂਰਨ ਫ਼ਸਲ ਮੰਨੀ ਜਾਂਦੀ ਹੈ। ਸਰ੍ਹੋਂ ਦੇ ਬੀਜ ਅਤੇ ਇਸ ਦਾ ਤੇਲ ਮੁੱਖ ਤੌਰ 'ਤੇ ਰਸੋਈ ਘਰ ਵਿੱਚ ਕੰਮ ਆਉਂਦਾ ਹੈ। ਸਰ੍ਹੋਂ ਦੇ ਪੱਤੇ ਸਬਜ਼ੀ ਬਣਾਉਣ ਦੇ ਕੰਮ ਆਉਂਦੇ ਹਨ। ਸਰ੍ਹੋਂ ਦੀ ਖਲ ਵੀ ਬਣਦੀ ਹੈ ਜੋ ਕਿ ਦੁਧਾਰੂ ਪਸ਼ੂਆਂ ਨੂੰ ਖਵਾਉਣ ਦੇ ਕੰਮ ਆਉਂਦੀ ਹੈ।

ਤੇਲ ਵਾਲੀਆਂ ਫ਼ਸਲਾਂ ਵਿੱਚ ਭੂਰੀ ਤੇ ਪੀਲੀ ਸਰ੍ਹੋਂ, ਰਾਇਆ, ਤੋਰੀਆ ਆਦਿ ਆਉਂਦੇ ਹਨ। ਪੀਲੀ ਸਰ੍ਹੋਂ ਹਾੜੀ ਵੇਲੇ ਅਸਾਮ, ਬਿਹਾਰ, ਉੜੀਸਾ, ਪੱਛਮੀ ਬੰਗਾਲ ਵਿੱਚ ਉਗਾਈ ਜਾਂਦੀ ਹੈ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਹਿਮਾਚਲ ਵਿੱਚ ਇਹ ਮੁਨਾਫ਼ੇ ਵਾਲੀ ਫ਼ਸਲ ਦੇ ਰੂਪ ਵਿੱਚ ਉਗਾਈ ਜਾਂਦੀ ਹੈ। ਪੁਰਾਣੇ ਸਮੇਂ ਵਿੱਚ ਭੂਰੀ ਸਰ੍ਹੋਂ ਹੀ ਮੁੱਖ ਤੌਰ 'ਤੇ ਬੀਜੀ ਜਾਂਦੀ ਸੀ। ਅੱਜ ਕੱਲ੍ਹ ਇਸ ਦੀ ਬਿਜਾਈ ਘੱਟ ਗਈ ਹੈ ਅਤੇ ਇਸ ਦੀ ਥਾਂ ਰਾਇਆ ਨੇ ਲੈ ਲਈ ਹੈ। ਭੂਰੀ ਸਰ੍ਹੋਂ ਲੋਟਨੀ ਅਤੇ ਤੋਰੀਆ ਦੀਆਂ 2 ਪ੍ਰਜਾਤੀਆਂ ਹਨ। ਤੋਰੀਆ ਘੱਟ ਸਮੇਂ ਵਾਲੀ ਫ਼ਸਲ ਹੈ ਅਤੇ ਸੇਜੂ ਹਾਲਤਾਂ ਵਿੱਚ ਉਗਾਈ ਜਾਂਦੀ ਹੈ। ਗੋਭੀ ਸਰ੍ਹੋਂ ਨਵੀਂ ਆ ਰਹੀ ਤੇਲ ਵਾਲੀ ਫ਼ਸਲ ਹੈ। ਇਹ ਲੰਬੇ ਸਮੇਂ ਵਾਲੀ ਫ਼ਸਲ ਹੈ ਅਤੇ ਹਰਿਆਣਾ, ਪੰਜਾਬ ਤੇ ਹਿਮਾਚਲ ਵਿੱਚ ਸਭ ਤੋਂ ਵੱਧ ਬੀਜੀ ਜਾਂਦੀ ਹੈ।

### ਸਰ੍ਹੋਂ ਉਗਾਉਣ ਲਈ ਜ਼ਮੀਨ

ਤੇਲ ਵਾਲੀਆਂ ਫ਼ਸਲਾਂ ਲਈ ਹਲਕੀਆਂ ਤੋਂ ਭਾਰੀਆਂ ਜ਼ਮੀਨਾਂ ਲਾਹੇਵੰਦ ਹੁੰਦੀਆਂ ਹਨ। ਰਾਇਆ ਹਰੇਕ ਤਰ੍ਹਾਂ ਦੀ ਜ਼ਮੀਨ ਵਿੱਚ ਉਗਾਇਆ ਜਾ ਸਕਦਾ ਹੈ ਪਰ ਤੋਰੀਏ ਲਈ ਭਾਰੀ ਜ਼ਮੀਨ ਚਾਹੀਦੀ ਹੈ। ਤਾਰਾਮੀਰਾ ਲਈ ਆਮ ਤੌਰ 'ਤੇ ਰੇਤਲੀਆਂ ਅਤੇ ਮੈਰਾ ਰੇਤਲੀਆਂ ਜ਼ਮੀਨਾ ਫਾਇਦੇਮੰਦ ਹੁੰਦੀਆਂ ਹਨ।

### ਰਾਇਆ ਦੀਆਂ ਕਿਸਮਾਂ

**ਰਾਐੱਲਐੱਮ 619** : ਇਹ ਸੇਜੂ ਤੇ ਬਰਾਨੀ ਦੋਵੇਂ ਇਲਾਕਿਆਂ ਵਿੱਚ ਬੀਜੀ ਜਾਂਦੀ ਹੈ। ਇਹ 143 ਦਿਨਾਂ ਵਿੱਚ ਪੱਕਣ ਵਾਲੀ ਕਿਸਮ ਹੈ। ਇਸ ਦਾ ਬੀਜ ਮੋਟਾ ਤੇ ਬੀਜਾਂ ਵਿੱਚ 43 ਫ਼ੀਸਦ ਤੇਲ ਹੁੰਦਾ ਹੈ। ਇਹ ਕਿਸਮ ਚਿੱਟੀ ਕੁੰਗੀ, ਮੁਰਝਾਉਣਾ ਤੇ ਚਿੱਟੇ ਧੱਬਿਆਂ ਦੇ ਰੋਗ ਨੂੰ ਸਹਾਰਣਯੋਗ ਹੈ। ਇਸ ਦਾ ਔਸਤਨ ਝਾੜ 8 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

**ਪੀਬੀਆਰ 91** : ਇਹ ਕਿਸਮ 145 ਦਿਨਾਂ ਵਿੱਚ ਪੱਕ ਕੇ ਕਟਾਈ ਲਈ ਤਿਆਰ ਹੋ ਜਾਂਦੀ ਹੈ। ਇਹ ਮੁਰਝਾਉਣਾ, ਕੁੰਗੀ ਅਤੇ ਕੀੜੇ ਮਕੌੜਿਆਂ ਦੀ ਰੋਧਕ ਕਿਸਮ ਹੈ। ਇਸ ਦਾ ਔਸਤਨ ਝਾੜ 8.1 ਕੁਇੰਟਲ ਪ੍ਰਤੀ ਏਕੜ ਹੈ।

**ਪੀਬੀਆਰ 97** : ਇਹ ਬਰਾਨੀ ਇਲਾਕਿਆਂ ਵਿੱਚ ਬੀਜਣ ਵਾਲੀ ਕਿਸਮ ਹੈ ਜੋ ਕਿ 136 ਦਿਨਾਂ ਵਿੱਚ ਪੱਕ ਜਾਂਦੀ ਹੈ। ਇਹ ਇੱਕ ਦਰਮਿਆਨੇ ਤੇ ਮੋਟੇ ਬੀਜਾਂ ਵਾਲੀ ਕਿਸਮ ਹੈ ਤੇ ਇਸ ਵਿੱਚ ਤੇਲ ਦੀ ਮਾਤਰਾ 39.8 ਫ਼ੀਸਦ ਹੁੰਦੀ ਹੈ। ਇਸ ਦਾ ਔਸਤਨ ਝਾੜ 5.2 ਕੁਇੰਟਲ ਪ੍ਰਤੀ ਏਕੜ ਹੈ।

**ਪੀਬੀਆਰ 210** : ਇਹ ਕਿਸਮ ਸਹੀ ਸਮੇਂ ਤੇ ਸੇਜੂ ਖੇਤਰਾਂ ਵਿੱਚ ਉਗਾਉਣ ਦੇ ਯੋਗ ਹੈ। ਇਹ 150 ਦਿਨਾਂ ਵਿੱਚ ਕਟਾਈ ਲਈ ਤਿਆਰ ਹੋ ਜਾਂਦੀ ਹੈ। ਇਸ ਦਾ ਔਸਤਨ ਝਾੜ 6 ਕੁਇੰਟਲ ਪ੍ਰਤੀ ਏਕੜ ਹੈ।

**ਆਰਸੀਐੱਲ 1** : ਇਹ ਉੱਚੇ ਕੱਦ ਦੀ ਕਿਸਮ ਹੈ ਜੋ ਕਿ 152 ਦਿਨਾਂ ਵਿੱਚ ਪੱਕ ਕੇ ਕਟਾਈ ਲਈ ਤਿਆਰ ਹੁੰਦੀ ਹੈ। ਇਸ ਦਾ ਔਸਤਨ ਝਾੜ 6.62 ਕੁਇੰਟਲ ਪ੍ਰਤੀ ਏਕੜ ਹੈ ਤੇ ਇਸ ਵਿੱਚ ਤੇਲ ਦੀ ਮਾਤਰਾ 37.8 ਫ਼ੀਸਦ ਹੁੰਦੀ ਹੈ।

### ਤੋਰੀਏ ਦੀਆਂ ਕਿਸਮਾਂ

**ਪੀਬੀਟੀ 37** : ਇਹ ਅਗੇਤੀ ਪੱਕਣ ਵਾਲੀ ਕਿਸਮ ਹੈ। ਜੋ 91 ਦਿਨਾਂ ਵਿੱਚ ਪੱਕਦੀ ਹੈ। ਇਹ ਤੋਰੀਆ-ਕਣਕ ਫ਼ਸਲੀ ਚੱਕਰ ਲਈ ਢੁੱਕਵੀਂ ਹੈ। ਇਸ ਦੇ ਬੀਜ ਮੋਟੇ ਗੂੜੇ ਭੂਰੇ ਰੰਗ ਦੇ ਹੁੰਦੇ ਹਨ। ਇਸ ਦਾ ਔਸਤਨ ਝਾੜ 5.4 ਕੁਇੰਟਲ ਪ੍ਰਤੀ ਏਕੜ ਹੈ ਤੇ ਤੇਲ ਦੀ ਮਾਤਰਾ 41.7 ਫ਼ੀਸਦ ਹੈ।

**ਟੀਐੱਲ 15** : ਇਹ ਅਗੇਤੀ ਪੱਕਣ ਵਾਲੀ ਕਿਸਮ ਹੈ। ਇਹ ਕਿਸਮ 88 ਦਿਨਾਂ ਵਿੱਚ ਪੱਕ ਜਾਂਦੀ ਹੈ। ਇਸ ਦਾ ਔਸਤਨ ਝਾੜ 4.5 ਕੁਇੰਟਲ ਪ੍ਰਤੀ ਏਕੜ ਹੈ।

**ਟੀਐੱਲ 17** : ਇਹ ਕਿਸਮ 90 ਦਿਨਾਂ ਵਿੱਚ ਪੱਕ ਕੇ ਕਟਾਈ ਲਈ ਤਿਆਰ ਹੋ ਜਾਂਦੀ ਹੈ। ਇਹ ਕਿਸਮ ਇੱਕ ਤੋਂ ਵੱਧ ਫ਼ਸਲਾਂ ਉਗਾਉਣ ਲਈ ਢੁਕਵੀਂ ਹੈ। ਇਹ ਕਿਸਮ 5.2 ਕੁਇੰਟਲ ਪ੍ਰਤੀ ਏਕੜ ਔਸਤਨ ਝਾੜ ਦਿੰਦੀ ਹੈ।

### ਗੋਭੀ ਸਰ੍ਹੋਂ ਦੀਆਂ ਕਿਸਮਾਂ

**ਜੀਐੱਸਐੱਲ 1** : ਇਹ ਛੋਟੇ ਕੱਦ ਦੀ ਅਤੇ ਘੱਟ ਡਿੱਗਣ ਵਾਲੀ ਕਿਸਮ ਹੈ ਜੋ ਕਿ 160 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ। ਇਸ ਦਾ ਔਸਤਨ ਝਾੜ 6.7 ਕੁਇੰਟਲ ਪ੍ਰਤੀ ਏਕੜ ਅਤੇ ਇਸ ਵਿੱਚ ਤੇਲ ਦੀ ਮਾਤਰਾ 44.5 ਫ਼ੀਸਦ ਹੁੰਦੀ ਹੈ।

**ਪੀਜੀਐੱਸਐੱਚ 51** : ਇਹ ਉੱਚੇ ਕੱਦ ਦੀ ਅਤੇ ਵੱਧ ਝਾੜ ਦੇਣ ਵਾਲੀ ਦੋਗਲੀ ਕਿਸਮ ਹੈ ਜੋ ਕਿ 162 ਦਿਨਾਂ ਵਿੱਚ ਪੱਕਦੀ ਹੈ। ਇਸ ਦਾ ਔਸਤਨ ਝਾੜ 7.9 ਕੁਇੰਟਲ ਪ੍ਰਤੀ ਏਕੜ ਅਤੇ ਇਸ ਵਿੱਚ ਤੇਲ ਦੀ ਮਾਤਰਾ 44.5 ਫ਼ੀਸਦ ਹੁੰਦੀ ਹੈ।

**ਜੀਐੱਸਸੀ 6** : ਇਹ ਕਿਸਮ ਸਹੀ ਸਮੇਂ ਅਤੇ ਸੇਜੂ ਹਾਲਤਾਂ ਵਿੱਚ ਬਿਜਾਈ ਲਈ ਸਿਫ਼ਾਰਸ਼ ਕੀਤੀ ਗਈ ਹੈ। ਇਸ ਦੇ ਬੀਜ ਮੋਟੇ ਹੁੰਦੇ ਹਨ। ਇਸ ਦਾ ਔਸਤਨ ਝਾੜ 6.07 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

### ਭਾਰਤੀ ਸਰ੍ਹੋਂ

**ਆਰਐੱਚ 0749** : ਇਹ ਕਿਸਮ ਹਰਿਆਣਾ, ਪੰਜਾਬ, ਦਿੱਲੀ, ਜੰਮੂ ਤੇ ਉੱਤਰੀ ਰਾਜਸਥਾਨ ਵਿੱਚ ਉਗਾਉਣ ਲਈ ਵਧੀਆ ਮੰਨੀ ਜਾਂਦੀ ਹੈ। ਇਹ ਇੱਕ ਵੱਧ ਝਾੜ ਵਾਲੀ ਕਿਸਮ ਹੈ, ਜਿਸਦੀ ਇੱਕ ਫਲੀ ਵਿੱਚ ਬਾਕੀ ਕਿਸਮਾਂ ਤੋਂ ਜ਼ਿਆਦਾ ਦਾਣੇ ਹੁੰਦੇ ਹਨ। ਇਹ 146-148 ਦਿਨਾਂ ਵਿੱਚ ਕਟਾਈ ਲਈ ਤਿਆਰ ਹੋ ਜਾਂਦੀ ਹੈ। ਇਸ ਕਿਸਮ ਦੇ ਬੀਜ ਮੋਟੇ ਤੇ ਇਹਨਾਂ ਵਿੱਚ ਤੇਲ ਦੀ ਮਾਤਰਾ 40 ਫ਼ੀਸਦ ਹੁੰਦੀ ਹੈ। ਇਸ ਦਾ ਔਸਤਨ ਝਾੜ 10.5-11 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

**ਆਰਐੱਚ 0406** : ਇਹ ਬਰਾਨੀ ਖੇਤਰਾਂ ਵਿੱਚ ਲਗਾਉਣ ਯੋਗ ਕਿਸਮ ਹੈ। ਇਹ 142-145 ਦਿਨਾਂ ਵਿੱਚ ਕਟਾਈ ਲਈ ਤਿਆਰ ਹੋ ਜਾਂਦੀ ਹੈ। ਇਸ ਦਾ ਔਸਤਨ 8.8-9.2 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

**ਟੀ59 (ਵਰੁਨਾ)** : ਇਹ ਕਿਸਮ ਹਰ ਤਰ੍ਹਾਂ ਦੀ ਜਲਵਾਯੂ ਵਿੱਚ ਉਗਾਉਣ ਯੋਗ ਹੈ। ਇਹ 145-150 ਦਿਨਾਂ ਵਿੱਚ ਕਟਾਈ ਲਈ ਤਿਆਰ ਹੋ ਜਾਂਦੀ ਹੈ। ਇਸ ਵਿੱਚ 39 ਫ਼ੀਸਦ ਤੇਲ ਦੀ ਮਾਤਰਾ ਹੁੰਦੀ ਹੈ। ਇਸ ਦਾ ਔਸਤਨ ਝਾੜ 6-8 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

### ਦੂਜੇ ਸੂਬਿਆਂ ਵਿੱਚ ਕਿਸਮਾਂ

**ਪੂਸਾ ਮਸਟਰਡ 21** : ਇਹ ਕਿਸਮ ਸਿੰਚਿਤ ਖੇਤਰਾਂ ਵਿੱਚ ਸਹੀ ਸਮੇਂ 'ਤੇ ਉਗਾਉਣ ਯੋਗ ਹੈ। ਇਸ ਦਾ ਔਸਤਨ ਝਾੜ 7.2-8.4 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

**ਪੂਸਾ ਮਸਟਰਡ 24** : ਇਹ ਕਿਸਮ ਸਿੰਚਿਤ ਖੇਤਰਾਂ ਵਿੱਚ ਸਹੀ ਸਮੇਂ ਤੇ ਉਗਾਉਣ ਯੋਗ ਹੈ। ਇਸ ਦਾ ਔਸਤਨ ਝਾੜ 8-10 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

**ਐੱਨਪੀਜੇ 112** : ਇਹ ਅਗੇਤੀ ਉਗਾਉਣ ਵਾਲੀ ਕਿਸਮ ਹੈ। ਇਸ ਦਾ ਔਸਤਨ ਝਾੜ 6 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

**ਪੂਸਾ ਮਸਟਰਡ 26** : ਇਹ ਪਿਛੇਤੀ ਉਗਾਉਣ ਵਾਲੀ ਕਿਸਮ ਹੈ। ਇਹ ਲਗਪਗ 126 ਦਿਨਾਂ ਵਿੱਚ ਕਟਾਈ ਲਈ ਤਿਆਰ ਹੋ ਜਾਂਦੀ ਹੈ। ਇਸ ਦਾ ਔਸਤਨ ਝਾੜ 6.4 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

**ਪੂਸਾ ਮਸਟਰਡ 28** : ਇਹ ਲਗਪਗ 107 ਦਿਨਾਂ ਵਿੱਚ ਕਟਾਈ ਲਈ ਤਿਆਰ ਹੋ ਜਾਂਦੀ ਹੈ। ਇਸ ਕਿਸਮ ਦੀ ਪੈਦਾਵਾਰ ਦੂਜੀਆਂ ਕਿਸਮਾਂ ਦੇ ਮੁਕਾਬਲੇ ਜ਼ਿਆਦਾ ਹੁੰਦੀ ਹੈ। ਇਸ ਵਿੱਚ ਤੇਲ ਦੀ ਮਾਤਰਾ 41.5 ਫ਼ੀਸਦ ਹੁੰਦੀ ਹੈ।

### ਖੇਤ ਦੀ ਤਿਆਰੀ

ਖੇਤ ਦੀ ਤਿਆਰੀ ਸਮੇਂ 7-12 ਟਨ ਰੂੜੀ ਦੀ ਖਾਦ ਦੀ ਵਰਤੋਂ ਕਰੋ। ਖਾਦਾਂ ਦੀ ਸਹੀ ਵਰਤੋਂ ਲਈ ਮਿੱਟੀ ਦੀ ਜਾਂਚ ਕਰਵਾਉ। ਤੋਰੀਏ ਦੀ ਫ਼ਸਲ ਵਿੱਚ ਸੇਜੂ ਵਰਤੋਂ ਲਈ ਮਿੱਟੀ ਦੀ ਜਾਂਚ ਕਰਵਾਉ। ਤੋਰੀਏ ਦੀ ਫ਼ਸਲ ਵਿੱਚ ਸੇਜੂ ਹਾਲਤਾਂ ਵਿੱਚ 25 ਕਿਲੋ ਨਾਈਟ੍ਰੋਜਨ (56 ਕਿਲੋ ਯੂਰੀਆ) ਤੇ 50 ਕਿਲੋ ਸਿੰਗਲ ਸੁਪਰ ਫਾਸਫੇਟ ਦੀ ਵਰਤੋਂ ਕਰੋ। ਪੋਟਾਸ਼ੀਅਮ ਦੀ ਵਰਤੋਂ ਕੇਵਲ ਮਿੱਟੀ ਵਿੱਚ ਇਸਦੀ ਕਮੀ ਹੋਣ ਤੇ ਹੀ ਕਰੋ। ਰਾਇਆ ਤੇ ਗੋਭੀ ਸਰ੍ਹੋਂ ਵਿੱਚੋਂ 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 12 ਕਿਲੋ ਫਾਸਫੋਰਸ (75 ਕਿਲੋ ਸਿੰਗਲ ਸੁਪਰ ਫਾਸਫੇਟ) ਤੇ 6 ਕਿਲੋ ਪੋਟਾਸ਼ੀਅਮ (10 ਕਿਲੋ ਮਿਊਰੇਟ ਆਫ਼ ਪੋਟਾਸ਼) ਪ੍ਰਤੀ ਏਕੜ ਪਾਉ। ਘੱਟ ਵਰਖਾ ਵਾਲੇ ਖੇਤਰਾਂ ਵਿੱਚ ਸਾਰੀ ਖਾਦ ਬਿਜਾਈ ਤੋਂ ਪਹਿਲਾਂ ਪਾਉ। ਸਿੰਚਿਤ ਹਲਾਤਾਂ ਵਿੱਚ ਤੋਰੀਏ ਲਈ ਖਾਦ ਦੀ ਸਾਰੀ ਮਾਤਰਾ ਬਿਜਾਈ ਤੋਂ ਪਹਿਲਾਂ ਪਾਓ, ਗੋਭੀ ਸਰ੍ਹੋਂ, ਰਾਇਆ ਲਈ ਖਾਦ ਦੀ ਅੱਧੀ ਮਾਤਰਾ ਬਿਜਾਈ ਤੋਂ ਪਹਿਲਾਂ ਤੇ ਅੱਧੀ ਮਾਤਰਾ ਪਹਿਲੇ ਪਾਣੀ ਨਾਲ ਪਾਓ। ਬਰਾਨੀ ਹਲਾਤਾਂ ਵਿੱਚ ਖਾਦ ਦੀ ਸਾਰੀ ਮਾਤਰਾ ਬਿਜਾਈ ਤੋਂ ਪਹਿਲਾਂ ਪਾਓ।

### ਫ਼ਸਲ ਦੀ ਦੇਖਭਾਲ

ਚੇਪਾ ਕੀੜੇ ਪੌਦੇ ਦਾ ਰਸ ਚੂਸਦੇ ਹਨ। ਇਸ ਦੀ ਰੋਕਥਾਮ ਲਈ ਸਮੇਂ ਸਿਰ ਬਿਜਾਈ ਕਰਨੀ ਚਾਹੀਦੀ ਹੈ। ਨਾਈਟ੍ਰੋਜਨ ਵਾਲੀਆਂ ਖਾਦਾਂ ਦੀ ਵਰਤੋਂ ਘੱਟ ਕਰੋ। ਚਿਤਕਬਰੀ ਭੂੰਡੀ ਫ਼ਸਲ ਨੂੰ ਪੁੰਗਰਨ ਅਤੇ ਪੱਕਣ ਵੇਲੇ ਨੁਕਸਾਨ ਕਰਦੀ ਹੈ। ਇਹ ਪੱਤਿਆਂ ਦਾ ਰਸ ਚੂਸਦੀ ਹੈ। ਵਾਲਾਂ ਵਾਲੀ ਸੂੰਡੀ ਪੱਤਿਆਂ ਨੂੰ ਖਾਂਦੀ ਹੈ ਤੇ ਉਨ੍ਹਾਂ ਨੂੰ ਨਸ਼ਟ ਕਰ ਦਿੰਦੀ ਹੈ।

ਫ਼ਸਲ ਪੱਕਣ ਲਈ 110-140 ਦਿਨਾਂ ਦਾ ਸਮਾਂ ਲੈਂਦੀ ਹੈ। ਫ਼ਸਲ ਦੀ ਵਾਢੀ ਫਲੀਆਂ ਪੀਲੀਆਂ ਅਤੇ ਬੀਜ ਸਖ਼ਤ ਹੋਣ ਤੇ ਕਰੋ। ਬੀਜਾਂ ਦੇ ਝੜਨ ਨੂੰ ਰੋਕਣ ਲਈ ਵਾਢੀ ਸਵੇਰ ਵੇਲੇ ਕਰੋ। ਦਾਤੀ ਦੀ ਮਦਦ ਨਾਲ ਬੂਟਿਆਂ ਨੂੰ ਜ਼ਮੀਨ ਦੇ ਨੇੜਿਉਂ ਕੱਟੋ। ਫਿਰ 7-10 ਦਿਨਾਂ ਲਈ ਫ਼ਸਲ ਨੂੰ ਸੁੱਕਣ ਲਈ ਰੱਖੋ ਅਤੇ ਸੁੱਕਣ ਤੋਂ ਬਾਅਦ ਗਹਾਈ ਕਰੋ। ਸਾਫ਼ ਕੀਤੇ ਬੀਜ ਚਾਰ ਤੋਂ ਪੰਜ ਦਿਨਾਂ ਲਈ ਧੁੱਪੇ ਸੁਕਾਉ ਜਾਂ ਜਦੋਂ ਤੱਕ ਪਾਣੀ ਦੀ ਮਾਤਰਾ 8 ਫ਼ੀਸਦ ਤੱਕ ਨਾ ਆ ਜਾਵੇ। ਬੀਜਾਂ ਨੂੰ ਸੁਕਾਉਣ ਤੋਂ ਬਾਅਦ ਬੋਰੀਆਂ ਵਿੱਚ ਜਾਂ ਡਰੰਮਾਂ ਵਿੱਚ ਪਾਉ।

## ਸਰ੍ਹੋਂ ਦੀ ਬਿਜਾਈ ਦਾ ਸਹੀ ਸਮਾਂ

ਸੀਡ ਬੈੱਡ ਤੇ ਬੀਜੀ ਫ਼ਸਲ ਵਧੀਆ ਪੁੰਗਰਦੀ ਹੈ। ਜ਼ਮੀਨ ਨੂੰ ਦੇਸੀ ਹਲ ਨਾਲ ਦੋ ਤੋਂ ਤਿੰਨ ਵਾਰ ਵਾਹੋ ਤੇ ਹਰੇਕ ਵਾਰੀ ਵਾਹੁਣ ਪਿੱਛੋਂ ਸੁਹਾਗਾ ਫੇਰੋ। ਬੀਜਾਂ ਦੇ ਇਕਸਾਰ ਪੁੰਗਰਣ ਲਈ ਬੈੱਡ ਨਰਮ, ਗਿੱਲੇ ਤੇ ਪੱਧਰੇ ਹੋਣੇ ਚਾਹੀਦੇ ਹਨ। ਸਰ੍ਹੋਂ ਦੀ ਬਿਜਾਈ ਦਾ ਸਹੀ ਸਮਾਂ ਸਤੰਬਰ ਤੋਂ ਅਕਤੂਬਰ ਹੈ। ਤੋਰੀਆ ਫ਼ਸਲ ਲਈ ਬਿਜਾਈ ਸਤੰਬਰ ਦੇ ਪਹਿਲੇ ਪੰਦਰਵਾੜੇ ਤੋਂ ਅੱਧ ਅਕਤੂਬਰ ਤੱਕ ਕਰ ਲੈਣੀ ਚਾਹੀਦੀ ਹੈ। ਅਫ਼ਰੀਕਨ ਸਰ੍ਹੋਂ ਤੇ ਤਾਰਾਮੀਰਾ ਦੀ ਫ਼ਸਲ ਅਕਤੂਬਰ ਦੇ ਅਖ਼ੀਰ ਤੱਕ ਬੀਜੀ ਜਾ ਸਕਦੀ ਹੈ। ਰਾਇਆ ਫ਼ਸਲ ਦੀ ਬਿਜਾਈ ਅੱਧ ਅਕਤੂਬਰ ਤੋਂ ਨਵੰਬਰ ਤੇ ਅਖ਼ੀਰ ਤੱਕ ਕੀਤੀ ਜਾਂਦੀ ਹੈ। ਜਦੋਂ ਤਾਰਾਮੀਰਾ ਨੂੰ ਮੁੱਖ ਫ਼ਸਲ ਦੇ ਵਿੱਚ ਉਗਾਇਆ ਜਾਂਦਾ ਹੈ ਤਾਂ ਇਸ ਦੀ ਬਿਜਾਈ ਮੁੱਖ ਫ਼ਸਲ ਤੇ ਨਿਰਭਰ ਕਰਦੀ ਹੈ।

## ਕਿਵੇਂ ਕਰੀਏ ਬਿਮਾਰੀਆਂ ਤੋਂ ਰੋਕਥਾਮ

ਫ਼ਸਲਾਂ ਨੂੰ ਕਈ ਤਰ੍ਹਾਂ ਦੇ ਕੀੜੇ ਅਤੇ ਬਿਮਾਰੀਆਂ ਲੱਗਦੀਆਂ ਹਨ। ਜੇਕਰ ਸਮਾਂ ਰਹਿੰਦਿਆਂ ਇਨ੍ਹਾਂ ਵੱਲ ਧਿਆਨ ਨਾ ਦਿੱਤਾ ਜਾਵੇ ਤਾਂ ਇਹ ਕਿਸਾਨਾਂ ਦਾ ਵੱਡੇ ਆਰਥਿਕ ਨੁਕਸਾਨ ਕਰ ਸਕਦੀਆਂ ਹਨ।

**ਝੁਲਸ ਰੋਗ**

ਪੌਦੇ ਦੇ ਪੱਤਿਆਂ, ਫੁੱਲਾਂ, ਤਣਿਆਂ ਤੇ ਫਲੀਆਂ ਤੇ ਗੂੜ੍ਹੇ ਭੂਰੇ ਰੰਗ ਦੇ ਗੋਲ ਧੱਬੇ ਪੈ ਜਾਂਦੇ ਹਨ। ਜ਼ਿਆਦਾ ਹਮਲੇ ਦੀ ਸੂਰਤ ਵਿੱਚ ਤਣੇ ਦਾ ਉੱਪਰਲਾ ਹਿੱਸਾ ਅਤੇ ਫ਼ਲੀਆਂ ਝੜ ਜਾਂਦੀਆਂ ਹਨ। ਬਿਜਾਈ ਲਈ ਰੋਧਕ ਕਿਸਮਾਂ ਵਰਤੋਂ। ਬਿਮਾਰੀ ਦੇ ਆਉਣ ਤੇ ਇੰਡੋਫਿਲ ਐੱਮ-45 ਜਾਂ ਕਪਤਾਨ 260 ਗ੍ਰਾਮ ਨੂੰ 100 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰੋ। ਜੇਕਰ ਲੋੜ ਹੋਵੇ ਤਾਂ 15 ਦਿਨਾਂ ਬਾਅਦ ਇੱਕ ਹੋਰ ਸਪਰੇਅ ਕਰੋ।

**ਪੀਲੇ ਧੱਬੇ**

ਪੱਤਿਆਂ ਦੇ ਹੇਠਲੇ ਪਾਸੇ ਚਿੱਟੇ ਰੋਗ ਦੇ ਧੱਬੇ ਪੈ ਜਾਂਦੇ ਹਨ। ਪੱਤੇ ਹਰੇ ਅਤੇ ਪੀਲੇ ਰੰਗ ਦੇ ਹੋ ਜਾਂਦੇ ਹਨ। ਪਿਛਲੀ ਫ਼ਸਲ ਦੀ ਰਹਿੰਦ ਖੂੰਹਦ ਨੂੰ ਨਸ਼ਟ ਕਰੋ। ਫ਼ਸਲ ਤੇ ਇੰਡੋਫਿਲ ਐਮ-45 ਨੂੰ 250 ਗ੍ਰਾਮ ਨੂੰ 100 ਲੀਟਰ ਪਾਣੀ ਨਾਲ ਪ੍ਰਤੀ ਏਕੜ 15 ਦਿਨਾਂ ਦੇ ਫ਼ਾਸਲੇ ਤੇ ਵਾਰ-ਵਾਰ ਸਪਰੇਅ ਕਰੋ।

**ਚਿੱਟੀ ਕੁੰਗੀ**

ਪੌਦੇ ਦੇ ਪੱਤਿਆਂ, ਤਣਿਆਂ ਅਤੇ ਫੁੱਲਾਂ ਉੱਤੇ ਚਿੱਟੇ ਰੰਗ ਦੇ ਦਾਣੇ ਦਿਖਾਈ ਦਿੰਦੇ ਹਨ। ਨੁਕਸਾਨਿਆ ਹਿੱਸਾ ਫੁੱਲ ਜਾਂਦਾ ਹੈ। ਜੇਕਰ ਖੇਤ ਵਿੱਚ ਨੁਕਸਾਨ ਦਿਖੇ ਤਾਂ ਰੋਕਥਾਮ ਲਈ ਮੈਟਾਲੈਕਸਿਲ 8 ਫ਼ੀਸਦ ਮੈਨਕੋਜ਼ੇਬ 64 ਫ਼ੀਸਦ 2 ਗ੍ਰਾਮ ਪ੍ਰਤੀ ਲੀਟਰ ਪਾਣੀ ਵਿੱਚ ਪਾ ਕੇ ਸਪਰੇਅ ਕਰੋ। ਜੇਕਰ ਲੋੜ ਹੋਵੇ ਤਾਂ 10-15 ਦਿਨਾਂ ਬਾਅਦ ਇੱਕ ਹੋਰ ਸਪਰੇਅ ਕਰੋ।

ਡਾ. ਹਰਸ਼ਿੰਦਰ ਕੌਰ,
ਐੱਮ. ਡੀ.
ਫੋਨ 0175-2216783

## ਭਾਰਤ ਦੀ ਰਾਸ਼ਟਰੀ ਸਬਜ਼ੀ ਪੇਠਾ

# ਖਤਰਨਾਕ ਬਿਮਾਰੀਆਂ ਨੂੰ ਘੱਟ ਕਰਦੇ ਹਨ ਪੇਠੇ ਦੇ ਬੀਜ

ਅੱਜਕਲ ਦੇ ਬੱਚਿਆਂ ਨੂੰ ਜੇ ਪੁਛਿਆ ਜਾਵੇ ਕਿ ਕਿਹੜੀ ਸਬਜ਼ੀ ਉਨ੍ਹਾਂ ਨੂੰ ਬਿਲਕੁਲ ਚੰਗੀ ਨਹੀਂ ਲੱਗਦੀ ਤਾਂ ਬਹੁਗਿਣਤੀ ਜਾਂ ਜਵਾਬ-ਕੱਦੂ, ਪੇਠਾ ਜਾਂ ਤੋਰੀਆਂ ਹੀ ਹੋਵੇਗਾ। ਇਸ ਸਬਜ਼ੀ ਨੂੰ ਅਮਰੀਕਾ ਵਰਗਾ ਮੁਲਕ ''ਹੈਲੋਵੀਨ'' ਤਿਉਹਾਰ ਵਿਚ ਰਜ ਕੇ ਵਰਤਦਾ ਹੈ। ਕਈ ਸ਼ਕਲਾਂ ਤੇ ਰੰਗਾਂ 'ਚ ਮਿਲਦਾ ਪੇਠਾ ਆਪਣੇ ਅੰਦਰ ਕੀ ਕੁੱਝ ਲੁਕਾ ਕੇ ਬੈਠਾ ਹੈ, ਇਸ ਬਾਰੇ ਅੱਜ ਗੱਲ ਕਰਾਂਗੇ।

ਚੀਨੀ ਜ਼ੁਆਨ ਨੇ ਭਾਰਤ ਦੇ ਸੰਨ 629 ਦੌਰੇ ਬਾਰੇ ਜ਼ਿਕਰ ਕਰਦਿਆਂ ਲਿਖਿਆ ਕਿ ਭਾਰਤ 'ਚ ਪੇਠਾ, ਅਦਰਕ, ਹਲਦੀ ਤੇ ਹਦਵਾਣਾ ਕਾਫੀ ਮਾਤਰਾ 'ਚ ਬੀਜੇ ਜਾਂਦੇ ਹਨ ਤੇ ਲਗਭਗ ਹਰ ਪਿੰਡ 'ਚ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਸ ਨੂੰ ਤਾਂ ਸੁੱਕੇ ਤੇ ਵੱਖ ਸ਼ਕਲ ਦੇ ਪੇਠੇ ਰੇਤੀਲੇ ਇਲਾਕੇ ਵਿਚ ਉੱਗੇ ਹੋਏ ਵੀ ਲੱਭੇ ਸਨ।

ਬੇਅੰਤ ਫਾਇਦੇ ਵੇਖਦਿਆਂ ਪੇਠੇ ਨੂੰ ਭਾਰਤ ਦੀ ਰਾਸ਼ਟਰੀ ਸਬਜ਼ੀ ਤਕ ਐਲਾਨ ਦਿੱਤਾ ਗਿਆ ਹੈ। ਅੱਜ ਦੇ ਦਿਨ ਉੜੀਸਾ, ਪੰਜਾਬ, ਅਸਾਮ ਤੇ ਰਾਜਸਥਾਨ 'ਚ ਪੇਠੇ ਕਾਫੀ ਉਗਾਏ ਜਾ ਰਹੇ ਹਨ। ਉੜੀਸਾ ਦੇ ਤਾਂ 85 ਫੀਸਦੀ ਖੇਤਾਂ 'ਚ ਪੇਠੇ ਲੱਗੇ ਲੱਭ ਜਾਂਦੇ ਹਨ ਤੇ ਇਨ੍ਹਾਂ ਦੀ ਵਰਤੋਂ ਨਾ ਸਿਰਫ ਸਬਜ਼ੀ ਬਲਕਿ ਮਿਠਾਈ ਤੇ ਚਿਕਨ ਆਦਿ ਦੀ ਤਰੀ ਗਾੜ੍ਹੀ ਕਰਨ ਲਈ ਵੀ ਹੁੰਦੀ ਹੈ ਪਰ ਬੱਚਿਆਂ ਦੇ ਮੂੰਹ ਨੂੰ ਲੱਗੇ ਫਾਸਟ ਫੂਡਜ਼ ਦੇ ਸੁਆਦ ਨੇ ਉਨ੍ਹਾਂ ਨੂੰ ਇਸ ਸਬਜ਼ੀ ਰਾਹੀਂ ਮਿਲਣ ਵਾਲੇ ਫਾਇਦਿਆਂ ਤੋਂ ਮਹਿਰੂਮ ਕਰ ਦਿੱਤਾ ਹੈ।



ਅਨੇਕ ਤਰ੍ਹਾਂ ਦੇ ਸੂਪ ਤੇ ਬਰੈੱਡ ਵਿਚ ਵਰਤੇ ਜਾਂਦੇ ਪੇਠੇ, ਪੂਜਾ ਲਈ ਜਾਂ ਸ਼ੁਕਰਾਨੇ ਦੇ ਸਮਾਗਮਾਂ ਵਿਚ ਵੀ ਵੇਖੇ ਜਾ ਸਕਦੇ ਹਨ।

ਪੇਠੇ ਦੇ ਬੀਜ ਅੱਜਕੱਲ 'ਸੁਪਰ ਫੂਡ' ਬੜੇ ਮਹਿੰਗੇ ਵਿਕ ਰਹੇ ਹਨ। ਪੇਠੇ ਦੇ ਗੁੱਦੇ ਨੂੰ ਭੁੰਨ ਕੇ ਉਸ ਦਾ ਆਟਾ ਬਣਾ ਕੇ ਬਿਸਕੁਟ ਜਾਂ ਕੇਕ ਵਿਚ ਵੀ ਵਰਤਿਆ ਜਾ ਰਿਹਾ ਹੈ।

ਮੈਕਸੀਕੋ 'ਚ ਲਗਭਗ 7500 ਸਾਲ ਪਹਿਲਾਂ ਪੇਠੇ ਦੀ ਕਿਸਮ ਲੱਭੀ ਜਾ ਚੁੱਕੀ ਹੈ। ਇਬਨ ਬਤੂਤਾ ਵੀ ਪੇਠੇ ਦਾ ਜ਼ਿਕਰ ਕੀਤੇ ਬਗੈਰ ਨਾ ਰਹਿ ਸਕਿਆ।

ਗਾਜਰਾਂ ਤੇ ਸ਼ਕਰਕੰਦੀ ਵਾਂਗ ਪੇਠੇ 'ਚ ਵੀ ਬੀਟਾ ਕੈਰੋਟੀਨ ਭਰੀ ਪਈ ਹੈ। ਬੀਟਾ ਕੈਰੋਟੀਨ ਸਰੀਰ ਅੰਦਰ ਵਿਟਾਮਿਨ ਏ ਬਣ ਕੇ ਸਰੀਰ ਨੂੰ ਕੀਟਾਣੂਆਂ ਨੂੰ ਬਚਾਉਂਦੀ ਹੈ, ਦਿਲ, ਫੇਫੜੇ, ਗੁਰਦੇ ਤੇ ਹੋਰ ਅੰਗਾਂ ਨੂੰ ਸਿਹਤਮੰਦ ਰਖਦੀ ਹੈ, ਨਜ਼ਰ ਠੀਕ ਰੱਖਣ 'ਚ ਮਦਦ ਕਰਦੀ ਹੈ, ਚਮੜੀ ਵਧੀਆ ਕਰਦੀ ਹੈ ਅਤੇ ਬੱਚੇ ਪੈਦਾ ਕਰਨ ਵਾਲੇ ਅੰਗਾਂ ਲਈ ਵੀ ਵਧੀਆ ਸਾਬਤ ਹੋ ਚੁੱਕੀ ਹੈ।

ਅੱਖਾਂ ਲਈ ਪੇਠਾ ਏਨਾ ਵਧੀਆ ਸਾਬਤ ਹੋ ਚੁੱਕਾ ਹੈ ਕਿ ਖੋਜਾਂ ਦੌਰਾਨ ਪਤਾ ਲੱਗਾ, ਇਕ ਕੌਲੀ ਕੱਟੇ ਹੋਏ ਪੇਠੇ 'ਚ ਰੋਜ਼ਾਨਾ ਲੋੜੀਂਦੀ ਵਿਟਾਮਿਨ ਏ ਦਾ 200 ਫੀਸਦੀ ਹਿੱਸਾ ਸਰੀਰ ਅੰਦਰ ਪਹੁੰਚ ਜਾਂਦਾ ਹੈ।

ਇਹੀ ਵਿਟਾਮਿਨ ਏ ਦੀ ਮਾਤਰਾ ਫੇਫੜੇ ਅਤੇ ਗਦੂਦ ਦੇ ਕੈਂਸਰ ਦਾ ਖਤਰਾ ਘਟਾਉਣ ਵਿਚ ਸਹਾਈ ਸਾਬਤ ਹੋ ਚੁੱਕੀ ਹੈ।

**ਹੋਰ ਫਾਇਦੇ**

1. ਪੇਠੇ ਵਿਚਲੇ ਵਿਟਾਮਿਨ ਸੀ, ਈ, ਲੋਹ ਕਣ ਅਤੇ ਫੋਲੇਟ, ਬੀਮਾਰੀ ਨਾਲ ਲੜਨ ਵਾਲੇ ਸੈੱਲਾਂ ਨੂੰ ਤਗੜਾ ਕਰਦੇ ਹਨ ਜਿਸ ਨਾਲ ਸਰੀਰ ਬੀਮਾਰੀ ਨਾਲ ਲੜਨ ਦੀ ਸਮਰਥਾ ਵਧਾ ਲੈਂਦਾ ਹੈ।

2. ਖੋਜਾਂ ਦਸਦੀਆਂ ਹਨ ਕਿ ਪੇਠੇ ਵਿਚ ਪੋਟਾਸ਼ੀਅਮ ਕਾਫੀ ਮਾਤਰਾ ਵਿਚ ਹੈ ਜੋ ਬਲੱਡ ਪ੍ਰੈਸ਼ਰ ਘਟਾਉਣ 'ਚ ਮਦਦ ਕਰਦਾ ਹੈ। ਇਸ ਵਿਚਲੇ ਮਿਨਰਲ ਤੱਤ ਚੰਗਾ ਕੋਲੈਸਟਰੋਲ ਵਧਾ ਵੀ ਦਿੰਦੇ ਹਨ।

3. ਹੱਡੀਆਂ ਤਗੜੀਆਂ ਕਰਨੀਆਂ, ਸ਼ੱਕਰ ਰੋਗ ਦਾ ਖਤਰਾ ਘਟਾਉਣਾ, ਗੁਰਦੇ ਠੀਕ ਰੱਖਣ ਤੇ ਪਾਸ਼ਾ ਮਾਰੇ ਜਾਣ ਦਾ ਖਤਰਾ ਘਟਾਉਣ ਵਿਚ ਵੀ ਪੋਟਾਸ਼ੀਅਮ ਦਾ ਵਧੀਆ ਰੋਲ ਹੁੰਦਾ ਹੈ।

4. ਫਾਈਬਰ ਦਾ ਭੰਡਾਰ ਹੋਣ ਕਾਰਨ ਮੋਟਾਪਾ ਕਾਬੂ ਰੱਖਣ 'ਚ ਵੀ ਪੇਠਾ ਵਧੀਆ ਅਸਰ ਵਿਖਾਉਂਦਾ ਹੈ ਬਸ਼ਰਤੇ ਕਿ ਮਿੱਠਾ ਪੇਠਾ ਜ਼ਿਆਦਾ ਨਾ ਖਾਧਾ ਜਾਵੇ।

5. ਪੇਠਾ ਖਾਣ ਵਾਲੇ ਵਧੀਆ ਤੇ ਡੂੰਘੀ ਨੀਂਦਰ ਲੈਂਦੇ ਹਨ। ਕਾਰਨ ? ਪੇਠੇ ਵਿਚਲਾ ਟਰਿਪਟੋਫੈਨ, ਜੋ ਸਿਰੋਟੋਨਿਨ ਬਣਾਉਂਦਾ ਹੈ ਤੇ ਚੜ੍ਹਦੀ ਕਲਾ ਦੇ ਅਹਿਸਾਸ ਦੇ ਨਾਲ-ਨਾਲ ਢਹਿੰਦੀ ਕਲਾ ਵੀ ਕਾਫੂਰ ਕਰ ਦਿੰਦੇ; ਸਦਕਾ ਇਹ ਅਸਰ ਵੇਖਣ ਨੂੰ ਮਿਲਿਆ ਹੈ।

ਇਹੀ ਕਾਰਨ ਹੈ ਕਿ ਇਹ ਕਿਹਾ ਜਾਣ ਲੱਗ ਪਿਆ :

''ਪੇਠਾ ਖਾਓ ! ਲੰਮੀਆਂ ਤਾਣ, ਸੌਂ ਜਾਓ !''

6. **ਚਮੜੀ ਲਈ** : ਬੀਟਾ ਕੈਰੋਟੀਨ ਦਾ ਚਮੜੀ ਉਪਰ ਪੈਂਦੀਆਂ



ਝੁਰੜੀਆਂ 'ਤੇ ਲਾਜਵਾਬ ਅਸਰ ਵੇਖਿਆ ਜਾ ਚੁੱਕਾ ਹੈ। ਪੇਠਾ ਬੀਟਾ ਕੈਰੋਟੀਨ ਭਰਪੂਰ ਹੈ, ਸੋ ਇਸ ਨੂੰ ਖਾਣ ਨਾਲ ਜ਼ਿਆਦਾ ਦੇਰ ਤੱਕ ਜਵਾਨ ਰਿਹਾ ਜਾ ਸਕਦਾ ਹੈ। ਦਿਲ ਉੱਤੇ ਇਸ ਦਾ ਅਸਰ ਹੈ ਹੀ ਵਧੀਆ, ਸੋ ਦਿਲ ਨੂੰ ਦੇਰ ਤਕ ਜਵਾਨ ਰਖਿਆ ਜਾ ਸਕਦਾ ਹੈ।

**ਪੇਠੇ ਦੇ ਬੀਜ**

28 ਗ੍ਰਾਮ ਪੇਠੇ ਦੇ ਬੀਜਾਂ (ਇਕ ਔਂਸ) ਵਿਚ ਤਿੰਨ ਗ੍ਰਾਮ ਕਾਰਬੋਹਾਈਡ੍ਰੇਟ, 8.6 ਗ੍ਰਾਮ ਪ੍ਰੋਟੀਨ, 14 ਗ੍ਰਾਮ ਥਿੰਦਾ, 1.7 ਗ੍ਰਾਮ ਫਾਈਬਰ, ਮੈਂਗਨੀਜ਼, ਕਾਪਰ ਮੈਗਨੀਸ਼ੀਅਮ, ਫਾਸਫੋਰਸ, ਜ਼ਿੰਕ, ਲੋਹ ਕਣ, ਐਂਟੀਆਕਸੀਡੈਂਟ, ਪੋਟਾਸ਼ੀਅਮ, ਵਿਟਾਮਿਨ ਈ, ਵਿਟਾਮਿਨ ਏ, ਬੀ-6 ਤੇ ਫੋਲੇਟ ਸਮੇਤ 160 ਕੈਲੋਰੀਆਂ ਹਨ। ਇਨ੍ਹਾਂ ਬੀਜਾਂ ਦੇ ਤੇਲ ਨੂੰ ਜਦੋਂ ਚੂਹਿਆਂ ਵਿਚ ਵਰਤਿਆ ਗਿਆ ਤਾਂ ਉਨ੍ਹਾਂ 'ਚ ਜੋੜਾਂ ਦੀ ਸੋਜਿਸ਼ ਘੱਟੀ ਹੋਈ ਲੱਭੀ। ਇਨ੍ਹਾਂ ਬੀਜਾਂ ਵਿਚਲੇ ਲਿਗਨੈਨ 'ਤੇ ਹੋਈ ਖੋਜ 'ਚ ਛਾਤੀ ਦੇ ਕੈਂਸਰ ਦੇ ਸੈੱਲਾਂ ਦਾ ਫੈਲਣਾ ਹੌਲੀ ਹੋਇਆ ਸੀ। ਇਹ ਖੋਜ ਲੈਬਾਰਟਰੀ 'ਚ ਕੀਤੀ ਗਈ ਸੀ।

ਜਿਨ੍ਹਾਂ ਨੂੰ ਵਧੇ ਹੋਏ ਗਦੂਦ ਨਾਲ ਦਿੱਕਤਾਂ ਆ ਰਹੀਆਂ ਸਨ, ਉਨ੍ਹਾਂ ਲੋਕਾਂ ਵਿਚ ਹੋਈ ਖੋਜ ਰਾਹੀਂ ਪਤਾ ਲਗਿਆ ਕਿ ਪੇਠਾ ਖਾਣ ਨਾਲ ਉਨ੍ਹਾਂ ਦੇ ਲੱਛਣਾਂ ਵਿਚ ਫਾਇਦਾ ਹੋ ਗਿਆ। ਇਨ੍ਹਾਂ ਨੂੰ ਰੋਜ਼ 10 ਗ੍ਰਾਮ ਬੀਜ ਖਾਣ ਲਈ ਦਿੱਤੇ ਗਏ ਸਨ।

ਅਮਰੀਕਾ ਵਿਚ ਰਹਿੰਦੇ ਲੋਕਾਂ ਵਿਚ ਮੈਗਨੀਸ਼ੀਅਮ ਦੀ ਭਾਰੀ ਕਮੀ ਵੇਖੀ ਗਈ ਹੈ। ਇਸ ਦਾ ਕਾਰਨ ਉੱਥੋਂ ਦੀ ਖ਼ੁਰਾਕ ਵਿਚਲੇ ਇਸ ਤੱਤ ਦੀ ਕਮੀ ਹੈ। ਮੈਗਨੀਸ਼ੀਅਮ ਸਰੀਰ ਅੰਦਰ ਘੱਟੋ-ਘੱਟ 600 ਕਿਸਮਾਂ ਦੇ ਰਸਾਂ ਦੇ ਸਹੀ ਕੰਮਕਾਰ ਲਈ ਲੋੜੀਂਦੇ ਹੁੰਦੇ ਹਨ। ਇਨ੍ਹਾਂ 'ਚੋਂ ਹੀ ਹੱਡੀਆਂ ਤਗੜੀਆਂ ਕਰਨੀਆਂ, ਦਿਲ ਨੂੰ ਰੋਗ-ਮੁਕਤ ਰੱਖਣਾ, ਬਲੱਡ ਪ੍ਰੈਸ਼ਰ ਸਹੀ ਰੱਖਣਾ, ਲਹੂ 'ਚ ਸ਼ੱਕਰ ਦੀ ਮਾਤਰਾ ਸਹੀ ਰੱਖਣੀ, ਸ਼ਾਮਲ ਹਨ।

ਪੇਠੇ ਵਿਚਲੇ ਮੈਗਨੀਸ਼ੀਅਮ ਦੇ ਭੰਡਾਰ ਨੂੰ ਵੇਖਦਿਆਂ ਹੁਣ ਇਸ ਦੀ ਵਰਤੋਂ ਕਾਫੀ ਵਧਾਈ ਗਈ ਹੈ ਤੇ ਲਗਭਗ ਹਰ ਕਿਸਮ ਦੇ ਖਾਣੇ ਜਾਂ ਜੂਸ ਜਾਂ ਸੂਪ ਵਿਚ ਇਸ ਨੂੰ ਵਰਤਣ ਦੀ ਸਲਾਹ ਦਿੱਤੀ ਗਈ ਹੈ।

ਇਕ ਖੋਜ ਦੌਰਾਨ ਮਾਹਵਾਰੀ ਬੰਦ ਹੋਣ ਤੋਂ ਬਾਅਦ ਵਾਲੀਆਂ 35 ਔਰਤਾਂ ਨੂੰ 12 ਹਫਤੇ ਰੋਜ਼ ਕਿਸੇ ਨਾ ਕਿਸੇ ਤਰ੍ਹਾਂ ਜਦੋਂ ਪੇਠੇ ਦੇ ਬੀਜ ਖੁਆਏ ਗਏ ਤਾਂ ਉਨ੍ਹਾਂ ਦੇ ਬਲੱਡ ਪ੍ਰੈਸ਼ਰ 'ਚ 7 ਫੀਸਦੀ ਘਾਟਾ ਹੋਇਆ ਲਭਿਆ ਤੇ ਕੋਲੈਸਟਰੋਲ 16 ਫੀਸਦੀ ਘੱਟ ਗਿਆ। ਇਨ੍ਹਾਂ ਦੇ ਨਾਲ ਦੀਆਂ 35 ਔਰਤਾਂ ਜਿਨ੍ਹਾਂ ਨੂੰ ਖੁਆਇਆ ਨਹੀਂ ਗਿਆ, ਉਨ੍ਹਾਂ 'ਚ ਕੋਈ ਫਰਕ ਨਾ ਦਿਸਿਆ।

ਪੇਠੇ ਦੇ ਬੀਜਾਂ 'ਚ ਨਾਈਟਰਿਕ ਏਸਿਡ ਵਧਾਉਣ ਦੀ ਤਾਕਤ ਹੈ ਜਿਸ ਨਾਲ ਦਿਲ ਤਗੜਾ ਹੁੰਦਾ ਹੈ ਤੇ ਲਹੂ ਦੀਆਂ ਨਾੜੀਆਂ ਖੁਲ੍ਹ ਜਾਂਦੀਆਂ ਹਨ। ਇਸ ਦੇ ਨਾਲੋ-ਨਾਲ ਮਰਦਾਨਾ ਅੰਗ ਵੀ ਸੁਖੜ ਹੋ ਜਾਂਦਾ ਹੈ।

ਇਹ ਵੀ ਲਭਿਆ ਗਿਆ ਕਿ 65 ਗ੍ਰਾਮ ਬੀਜ ਜਿਨ੍ਹਾਂ ਨੇ ਰੋਜ਼ 2 ਹਫਤੇ ਖਾਧੇ, ਉਨ੍ਹਾਂ 'ਚ ਖਾਣਾ ਖਾਣ ਬਾਅਦ ਲਹੂ ਅੰਦਰਲੀ ਸ਼ੱਕਰ ਦੀ ਮਾਤਰਾ ਘੱਟ ਹੀ ਰਹੀ।

ਹਾਲੇ ਤਕ ਜਾਨਵਰਾਂ 'ਤੇ ਕੀਤੀ ਸਿਰਫ ਇਕ ਖੋਜ ਰਾਹੀਂ ਇਹ ਪਤਾ ਲੱਗਿਆ ਹੈ ਕਿ ਜਿਨ੍ਹਾਂ ਚੂਹਿਆਂ ਨੂੰ ਪੇਠੇ ਦੇ ਬੀਜ ਖੁਆਏ ਗਏ ਸਨ, ਉਨ੍ਹਾਂ 'ਚ ਸ਼ੁਕਰਾਣੂਆਂ ਦੀ ਗਿਣਤੀ ਵੱਧ ਹੋ ਗਈ ਅਤੇ ਉਨ੍ਹਾਂ 'ਚ ਸਰੀਰਕ ਸਬੰਧ ਬਣਾਉਣ ਦੀ ਤਾਕਤ ਵੀ ਵਧੀ ਹੋਈ ਲੱਭੀ। ਇਸ ਖੋਜ 'ਚ ਬੀਜਾਂ ਵਿਚਲੇ ਤੇਲ, ਵਿਟਾਮਿਨ ਈ ਤੇ ਜ਼ਿੰਕ ਸਦਕਾ ਇਹ ਅਸਰ ਵੇਖਣ ਨੂੰ ਮਿਲੇ ਸਨ।

ਤਣਾਅ ਘਟਾਉਣ ਤੇ ਵਧੀਆ ਨੀਂਦਰ ਲੈਣ ਲਈ ਜੋ ਅਸਰ ਦਿਸੇ, ਉਹ 170 ਗ੍ਰਾਮ ਪੇਠੇ ਦੇ ਬੀਜ ਰੋਜ਼



ਖਾਣ ਨਾਲ ਦਿਸੇ ਸਨ ਜਿਸ ਨਾਲ ਸਰੀਰ ਅੰਦਰ ਲੋੜੀਂਦਾ ਟਰਿਪਟੋਫੈਨ ਤੇ ਮੈਗਨੀਸ਼ੀਅਮ ਪਹੁੰਚ ਗਿਆ।

ਇਨ੍ਹਾਂ ਬੀਜਾਂ ਨੂੰ ਦਹੀਂ, ਦਲੀਆ, ਫਲ, ਸਲਾਦ, ਸੂਪ, ਦਾਲਾਂ ਆਦਿ 'ਚ ਪੀਸ ਕੇ ਜਾਂ ਭੁੰਨ ਕੇ ਵਰਤਿਆ ਜਾ ਸਕਦਾ ਹੈ। ਕੁੱਝ ਲੋਕ ਕੇਕ, ਬਰੈੱਡ ਜਾਂ ਬਿਸਕੁੱਟ ਵਿਚ ਪਾ ਕੇ ਵੀ ਖਾ ਲੈਂਦੇ ਹਨ ਤੇ ਕੁੱਝ ਕੱਚਾ ਚਬਾ ਕੇ ਖਾ ਲੈਂਦੇ ਹਨ।

ਇਕ ਗੱਲ ਧਿਆਨ ਦੇਣ ਯੋਗ ਹੈ ਕਿ ਇਨ੍ਹਾਂ 'ਚ ਫਾਈਟਿਕ ਏਸਿਡ ਹੁੰਦਾ ਹੈ ਜੋ ਲੋੜੀਂਦੇ ਤੱਤ ਹਜ਼ਮ ਨਹੀਂ ਹੋਣ ਦਿੰਦਾ। ਇਸੇ ਲਈ ਰਾਤ ਭਰ ਭਿਉਂ ਕੇ ਖਾਣ ਨਾਲ ਇਨ੍ਹਾਂ ਦਾ ਵਧੀਆ ਅਸਰ ਵੇਖਿਆ ਜਾ ਸਕਦਾ ਹੈ। ਕਈ ਕਿਸਮਾਂ ਤੇ ਲੋੜੀਂਦੇ ਤੱਤ ਪੂਰੇ ਹੁੰਦਿਆਂ ਸਾਰ ਮੂਡ ਵੀ ਤੁਰੰਤ ਠੀਕ ਹੋ ਜਾਂਦਾ ਹੈ। ਸ਼ੱਕਰ ਰੋਗੀਆਂ ਨੂੰ ਕਿਸੇ ਵੀ ਹਾਲ 'ਚ ਮਿੱਠਾ ਨਹੀਂ ਲੈਣਾ ਚਾਹੀਦਾ ਤੇ ਇਨ੍ਹਾਂ ਬੀਜਾਂ ਨੂੰ ਇੰਜ ਹੀ ਜਾਂ ਹਲਕੇ ਨਮਕ ਨਾਲ ਖਾਧਾ ਜਾ ਸਕਦਾ ਹੈ।

**ਪੇਠੇ ਦੇ ਛਿੱਲੜ :**

1. ਜ਼ਿੰਕ ਅਤੇ ਕਾਪਰ ਹੋਣ ਸਦਕਾ ਪੇਠੇ ਦੀ ਛਿਲੜ ਦੇ ਨਾਲ-ਨਾਲ ਥੋੜਾ ਕੱਦੂਕਸ ਕੀਤਾ ਪੇਠਾ ਜੇ ਮੂੰਹ ਦੀ ਚਮੜੀ ਉੱਤੇ 10 ਮਿੰਟ ਲਾ ਕੇ ਰਖਿਆ ਜਾਵੇ ਤਾਂ ਇਸ ਵਿਚਲਾ ਵਿਟਾਮਿਨ ਸੀ, ਕੋਲਾਜਨ ਬਣਾਉਣ 'ਚ ਮਦਦ ਕਰ ਕੇ ਚਮੜੀ ਚਮਕਦਾਰ ਤੇ ਝੁਰੜੀਆਂ ਰਹਿਤ ਬਣਾ ਸਕਦਾ ਹੈ।

3. ਇਸ ਵਿਚਲਾ ਫੋਲੇਟ ਚਮੜੀ ਅੰਦਰ ਲਹੂ ਦੀ ਰਵਾਨੀ ਵਧਾ ਕੇ ਚਿਹਰਾ ਖ਼ੂਬਸੂਰਤ ਕਰ ਦਿੰਦਾ ਹੈ।

4. ਐਂਟੀਆਕਸੀਡੈਂਟ ਭਰੇ ਹੋਣ ਕਾਰਨ ਹਵਾ, ਧੁੱਪ ਤੇ ਹੋਰ ਹਾਨੀਕਾਰਕ ਤੱਤਾਂ ਨਾਲ ਹੋਏ ਨੁਕਸਾਨ ਨੂੰ ਚਿਹਰੇ ਉੱਤੇ ਸਾਫ ਕਰਨ ਲਈ ਛਿੱਲੜ ਦਾ ਲੇਪ ਲਾ ਕੇ ਚਿਹਰੇ ਉੱਤੇ ਰੱਖਿਆ ਜਾ ਸਕਦਾ ਹੈ।

ਇਸ ਤੋਂ ਬਾਅਦ ਧੁੱਪ ਦੇ ਮਾੜੇ ਅਸਰਾਂ ਤੋਂ ਬਚਣ ਲਈ 30 ਫੀਸਦੀ ਐੱਸ. ਪੀ. ਐੱਫ ਵਾਲੀ ਕਰੀਮ ਜ਼ਰੂਰ ਲਾਉਣੀ ਪੈਂਦੀ ਹੈ।

**ਸਾਰ** : ਪੇਠੇ ਦੀ ਛਿੱਲੜ ਤੋਂ ਲੈ ਕੇ ਬੀਜਾਂ ਤੱਕ ਇਸ ਵਿਚ ਭਰੇ ਲੋੜੀਂਦੇ ਤੱਤਾਂ ਨੇ ਪੇਠੇ ਨੂੰ ਬਿਹਤਰੀਨ ਖ਼ੁਰਾਕ ਸਾਬਤ ਕਰ ਦਿਤਾ ਹੋਇਆ ਹੈ। ਇਸੇ ਲਈ ਇਸ ਨੂੰ ਹਫਤੇ 'ਚ ਘੱਟੋ ਘੱਟ ਤਿੰਨ ਦਿਨ ਜ਼ਰੂਰ ਖਾਣਾ ਚਾਹੀਦਾ ਹੈ। ਸਿਰਫ ਇਕ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਖਾਂਦੇ ਸਾਰ ਕੋਈ ਚੰਗਾ ਅਸਰ ਨਹੀਂ ਦਿਸਦਾ। ਜੇ ਲਗਾਤਾਰ ਖਾਂਦੇ ਰਹਿਣ ਦੇ ਨਾਲ-ਨਾਲ ਸੰਤੁਲਿਤ ਖ਼ੁਰਾਕ ਲਈ ਜਾਵੇ ਤੇ ਰੋਜ਼ਾਨਾ ਕਸਰਤ ਦੇ ਨਾਲ ਤਣਾਅ ਛੱਡ ਕੇ, ਨਸ਼ਾ ਤੇ ਸ਼ਰਾਬ ਤੋਂ ਤੋਬਾ ਕਰ ਲਈ ਜਾਵੇ ਤਾਂ ਕਮਾਲ ਵਾਪਰਿਆ ਵੇਖ ਸਕਦੇ ਹਾਂ।

# ਪੌਲੀ/ਨੈੱਟ ਹਾਊਸ ਵਿੱਚ ਖੀਰੇ ਅਤੇ ਫ੍ਰੈਂਚ ਬੀਨ ਦੀ ਕਾਸ਼ਤ

ਰੂਮਾ ਦੇਵੀ, ਆਰ. ਕੇ. ਢੱਲ ਅਤੇ ਤਰਸੇਮ ਸਿੰਘ ਢਿੱਲੋਂ,
ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98783-99555)

**ਪੰਜਾਬ ਵਿੱਚ ਪੌਲੀ/ਨੈੱਟ ਹਾਊਸ ਅਧੀਨ ਸਬਜ਼ੀਆਂ ਦੀ ਕਾਸ਼ਤ ਤੇਜ਼ੀ ਨਾਲ ਵੱਧ ਰਹੀ ਹੈ । ਪੌਲੀ/ਨੈੱਟ ਵਿੱਚ ਖੀਰੇ ਅਤੇ ਫ੍ਰੈਂਚ ਬੀਨ ਦੀ ਕਾਸ਼ਤ ਬਹੁਤ ਲਾਹੇਵੰਦ ਹੈ । ਬੀਜ ਰਹਿਤ ਖੀਰਾ ਪੌਲੀ/ਨੈੱਟ ਹਾਊਸ ਵਿੱਚ ਵਧੇਰੇ ਝਾੜ ਦਿੰਦਾ ਹੈ, ਕਿਉਂਕਿ ਫ਼ਲ ਬਣਨ ਲਈ ਬੀਜ ਰਹਿਤ ਕਿਸਮਾਂ ਨੂੰ ਪਰ ਪਰਾਗਣ ਦੀ ਲੋੜ ਨਹੀਂ ਪੈਂਦੀ । ਪੌਲੀ/ਨੈੱਟ ਹਾਊਸ ਦਾ ਸੂਖਮ ਜਲਵਾਯੂ ਨਿਯੰਤਰਣ ਇਨ੍ਹਾਂ ਫ਼ਸਲਾਂ ਦੀ ਸਫਲ ਕਾਸ਼ਤ ਲਈ ਪੰਜਾਬ ਦੇ ਵਾਤਾਵਰਣ ਵਿੱਚ ਬਹੁਤ ਢੁਕਵਾਂ ਰਹਿੰਦਾ ਹੈ ।**

**ਖੀਰੇ ਦੀਆਂ ਕਿਸਮਾਂ :**

**ਪੰਜਾਬ ਖੀਰਾ-1 :** ਇਸ ਕਿਸਮ ਦੀਆਂ ਵੇਲਾਂ ਲਗਾਤਾਰ ਵਾਧੇ ਵਾਲੀਆਂ ਹੁੰਦੀਆਂ ਹਨ ਅਤੇ ਇਸ ਦੀ ਹਰ ਗੱਠ ਤੇ 1 ਤੋਂ 2 ਫਲ ਲੱਗਦੇ ਹਨ । ਇਸ ਕਿਸਮ ਦੀ ਕਾਸ਼ਤ ਸਿਰਫ ਪੌਲੀ ਹਾਊਸ ਵਿੱਚ ਹੀ ਸਿਫ਼ਾਰਿਸ਼ ਕੀਤੀ ਗਈ ਹੈ । ਇਸ ਦੇ ਫੁੱਲਾਂ ਨੂੰ ਫਲ ਬਣਨ ਲਈ ਪਰ-ਪਰਾਗਣ ਦੀ ਲੋੜ ਨਹੀਂ ਪੈਂਦੀ । ਇਸ ਕਿਸਮ ਦੇ ਫਲ ਗੂੜੇ, ਹਰੇ, ਕੂਲੇ, ਕੁੜੱਤਣ ਤੇ ਬੀਜ ਰਹਿਤ ਅਤੇ ਦਰਮਿਆਨੇ ਲੰਬੇ (13-15 ਸੈਂਟੀਮੀਟਰ) ਹੁੰਦੇ ਹਨ, ਜਿਸ ਨੂੰ ਛਿੱਲ ਲਾਹੇ ਬਿਨਾਂ ਹੀ ਖਾਧਾ ਜਾ ਸਕਦਾ ਹੈ ਅਤੇ ਫਲ ਦਾ ਔਸਤਨ ਭਾਰ



125 ਗ੍ਰਾਮ ਹੁੰਦਾ ਹੈ । ਸਤੰਬਰ ਮਹੀਨੇ ਵਿੱਚ ਬੀਜੀ ਫ਼ਸਲ 45 ਦਿਨਾਂ ਬਾਅਦ ਪਹਿਲੀ ਤੁੜਾਈ ਦਿੰਦੀ ਹੈ ਪ੍ਰੰਤੂ ਜਨਵਰੀ ਮਹੀਨੇ ਬੀਜੀ ਫ਼ਸਲ ਪਹਿਲੀ ਤੁੜਾਈ ਲਈ 60 ਦਿਨ ਲੈਂਦੀ ਹੈ । ਸਤੰਬਰ ਮਹੀਨੇ ਵਿੱਚ ਬੀਜੀ ਫ਼ਸਲ ਦਾ ਕੁੱਲ ਝਾੜ 304 ਕੁਇੰਟਲ ਪ੍ਰਤੀ ਏਕੜ ਅਤੇ ਜਨਵਰੀ ਮਹੀਨੇ ਵਿੱਚ ਬੀਜੀ ਫ਼ਸਲ ਦਾ ਕੁੱਲ ਝਾੜ 370 ਕੁਇੰਟਲ ਪ੍ਰਤੀ ਏਕੜ ਹੈ ।

**ਪੀ. ਕੇ. ਐਚ-11 :** ਇਹ ਖੀਰੇ ਦੀ ਦੋਗਲੀ ਕਿਸਮ ਹੈ ਜਿਸ ਦੇ ਫੁੱਲਾਂ ਨੂੰ ਫ਼ਲ ਬਣਨ ਲਈ ਪਰ-ਪਰਾਗਣ ਦੀ ਲੋੜ ਨਹੀਂ ਹੁੰਦੀ ਅਤੇ ਬੂਟੇ ਦੀ ਹਰ ਗੰਢ ਤੇ 1 ਤੋਂ 2 ਫ਼ਲ ਲੱਗਦੇ ਹਨ । ਇਸ ਕਿਸਮ ਦੀ ਕਾਸ਼ਤ ਸਿਰਫ਼ ਪੌਲੀ ਹਾਊਸ ਵਿੱਚ ਹੀ ਸਿਫ਼ਾਰਸ਼ ਕੀਤੀ ਗਈ ਹੈ । ਫ਼ਲ ਗੂੜ੍ਹੇ ਹਰੇ, ਕੂਲੇ, ਕੁੜੱਤਣ ਤੇ ਬੀਜ ਰਹਿਤ, ਦਰਮਿਆਨੇ ਲੰਬੇ (16-18 ਸੈਂਟੀਮੀਟਰ) ਅਤੇ ਔਸਤਨ 150-160 ਗ੍ਰਾਮ ਹੁੰਦੇ ਹਨ, ਜਿਨ੍ਹਾਂ ਨੂੰ ਛਿਲ ਲਾਹੇ ਬਿਨਾਂ ਹੀ ਖਾਧਾ ਜਾ ਸਕਦਾ ਹੈ । ਸਤੰਬਰ ਮਹੀਨੇ ਵਿੱਚ ਬੀਜੀ ਫ਼ਸਲ 45 ਦਿਨਾਂ ਬਾਅਦ ਪਹਿਲੀ ਤੁੜਾਈ ਦੇ ਦਿੰਦੀ ਹੈ, ਪ੍ਰੰਤੂ ਜਨਵਰੀ ਮਹੀਨੇ ਬੀਜੀ ਫ਼ਸਲ ਪਹਿਲੀ ਤੁੜਾਈ ਲਈ 60 ਦਿਨ ਲੈਂਦੀ ਹੈ । ਸਤੰਬਰ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 320 ਕੁਇੰਟਲ ਪ੍ਰਤੀ ਏਕੜ ਅਤੇ ਜਨਵਰੀ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 370 ਕੁਇੰਟਲ ਪ੍ਰਤੀ ਏਕੜ ਹੈ ।

**ਫ੍ਰੈਂਚ ਬੀਨ ਦੀਆਂ ਕਿਸਮਾਂ :**

**ਪੰਜਾਬ ਅਨੰਦ :** ਇਸ ਕਿਸਮ ਦੀ ਕਾਸ਼ਤ ਪੌਲੀ ਨੈੱਟ ਹਾਊਸ ਵਿੱਚ ਸਿਫ਼ਾਰਸ਼ ਕੀਤੀ ਗਈ ਹੈ । ਇਹ ਕਿਸਮ ਸਤੰਬਰ ਅਤੇ ਫਰਵਰੀ ਵਿੱਚ ਬਿਜਾਈ ਲਈ ਢੁੱਕਵੀਂ ਹੈ । ਇਸ ਕਿਸਮ ਦੀਆਂ ਵੇਲਾਂ ਹਰੇ ਰੰਗ ਦੀਆਂ ਅਤੇ ਲਗਾਤਾਰ ਵਾਧੇ ਵਾਲੀਆਂ ਹੁੰਦੀਆਂ ਹਨ । ਇਸ ਦੀਆਂ ਫ਼ਲੀਆਂ ਹਰੀਆਂ, ਸਿੱਧੀਆਂ, ਨਰਮ ਅਤੇ ਗੋਲ ਹੁੰਦੀਆਂ ਹਨ । ਇਹ ਕਿਸਮ ਬਿਜਾਈ ਤੋਂ 64-66 ਦਿਨਾਂ ਬਾਅਦ ਤੁੜਾਈ ਲਈ ਤਿਆਰ ਹੋ ਜਾਂਦੀ ਹੈ । ਸਤੰਬਰ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 125.5 ਕੁਇੰਟਲ ਪ੍ਰਤੀ ਏਕੜ ਅਤੇ ਫਰਵਰੀ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 131.8 ਕੁਇੰਟਲ ਪ੍ਰਤੀ ਏਕੜ ਹੈ ।

**ਪੰਜਾਬ ਰੰਗਤ :** ਇਸ ਕਿਸਮ ਦੀ ਕਾਸ਼ਤ ਪੌਲੀ ਨੈੱਟ ਹਾਊਸ ਵਿੱਚ ਸਿਫ਼ਾਰਸ਼ ਕੀਤੀ ਗਈ ਹੈ । ਇਹ ਕਿਸਮ ਸਤੰਬਰ ਅਤੇ ਫਰਵਰੀ ਵਿੱਚ ਬਿਜਾਈ ਲਈ ਢੁੱਕਵੀਂ ਹੈ । ਇਸ ਕਿਸਮ ਦੀਆਂ ਵੇਲਾਂ ਜਾਮਣੀ ਰੰਗ ਦੀਆਂ ਅਤੇ ਲਗਾਤਾਰ ਵਾਧੇ ਵਾਲੀਆਂ ਹੁੰਦੀਆਂ ਹਨ । ਇਸ ਦੀਆਂ ਫ਼ਲੀਆਂ ਜਾਮਣੀ, ਸਿੱਧੀਆਂ, ਨਰਮ ਅਤੇ ਗੋਲ ਹੁੰਦੀਆਂ ਹਨ । ਸਤੰਬਰ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 126.4 ਕੁਇੰਟਲ ਪ੍ਰਤੀ ਏਕੜ ਅਤੇ ਫਰਵਰੀ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 132.1 ਕੁਇੰਟਲ ਪ੍ਰਤੀ ਏਕੜ ਹੈ ।

**ਮੌਸਮ ਅਤੇ ਜ਼ਮੀਨ :** ਖੀਰੇ ਦੇ ਬੀਜ ਜੰਮ ਲਈ ਢੁਕਵਾਂ ਤਾਪਮਾਨ 25 ਤੋਂ 29 ਡਿਗਰੀ ਸੈਂਟੀਗ੍ਰੇਡ ਹੋਣਾ ਚਾਹੀਦਾ ਹੈ । ਫ਼ਸਲ ਦੇ ਵਾਧੇ ਲਈ ਦਿਨ ਦਾ ਤਾਪਮਾਨ 22 ਤੋਂ 24 ਡਿਗਰੀ ਸੈਂਟੀਗ੍ਰੇਡ ਅਤੇ ਰਾਤ ਦਾ ਤਾਪਮਾਨ 19 ਤੋਂ 20 ਡਿਗਰੀ ਸੈਂਟੀਗ੍ਰੇਡ ਬਹੁਤ ਅਨੁਕੂਲ ਹੁੰਦਾ ਹੈ । ਫ੍ਰੈਂਚ ਬੀਨ ਦੀ ਸਫ਼ਲ ਕਾਸ਼ਤ ਲਈ ਢੁਕਵਾਂ ਤਾਪਮਾਨ 15 ਤੋਂ 25 ਡਿਗਰੀ ਸੈਂਟੀਗ੍ਰੇਡ ਹੋਣਾ ਚਾਹੀਦਾ ਹੈ । ਖੀਰੇ ਅਤੇ ਫ੍ਰੈਂਚ ਬੀਨ ਦੀ ਫ਼ਸਲ ਮੌਸਮੀ ਪ੍ਰਭਾਵ ਕਾਰਨ ਬਹੁਤ ਨਾਜ਼ੁਕ ਹੁੰਦੀ ਹੈ ਅਤੇ ਜ਼ਿਆਦਾ ਠੰਢ ਜਾਂ ਕੋਹਰੇ ਦਾ ਹਮਲਾ ਬਰਦਾਸ਼ਤ ਨਹੀਂ ਕਰ ਸਕਦੀ । ਜ਼ਿਆਦਾ ਸਿਲ੍ਹੇ ਮੌਸਮ ਵਿੱਚ ਗਿੱਚੀ ਗਲਣ ਦਾ ਰੋਗ ਹੋ ਜਾਂਦਾ ਹੈ । ਜ਼ਮੀਨ ਮੈਰਾ ਅਤੇ ਚੰਗੀ ਨਿਕਾਸੀ ਵਾਲੀ ਹੋਣੀ ਚਾਹੀਦੀ ਹੈ ।

**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ :** ਪੌਲੀ ਨੈੱਟ ਹਾਊਸ ਵਿੱਚ ਫ਼ਸਲਾਂ ਸਾਲ ਵਿੱਚ ਦੋ ਵਾਰ ਲੱਗ ਸਕਦੀਆਂ ਹਨ । ਪਹਿਲੀ ਫ਼ਸਲ ਸਤੰਬਰ ਦੇ ਪਹਿਲੇ ਹਫਤੇ ਵਿੱਚ ਬੀਜੀ ਜਾਂਦੀ ਹੈ ਪਰ ਬੀਜਣ ਸਮੇਂ ਤਾਪਮਾਨ ਅਤੇ ਨਮੀ ਦਾ ਧਿਆਨ ਰੱਖਣਾ ਜ਼ਰੂਰੀ ਹੈ । ਕਿਉਂਕਿ ਇਸ ਮੌਸਮ ਵਿੱਚ ਗਿੱਚੀ ਗਲਣ ਰੋਗ ਅਤੇ ਚਿੱਟੀ ਮੱਖੀ ਦਾ ਹਮਲਾ ਜ਼ਿਆਦਾ ਹੁੰਦਾ ਹੈ । ਦੂਜੀ ਫ਼ਸਲ ਦਸੰਬਰ ਦੇ ਆਖਰੀ ਹਫ਼ਤੇ ਤੇ ਜਨਵਰੀ ਦੇ ਪਹਿਲੇ ਹਫਤੇ ਦਰਮਿਆਨ ਪਲਾਸਟਿਕ ਟਰੇਆਂ ਵਿੱਚ ਬੀਜੋ ਅਤੇ ਤਕਰੀਬਨ 30 ਦਿਨਾਂ ਬਾਅਦ ਪੌਲੀ ਨੈੱਟ ਹਾਊਸ ਵਿੱਚ ਲਾਉ । ਬੀਜ ਨੂੰ ਪਲਾਸਟਿਕ ਟਰੇਆਂ ਵਿੱਚ ਬੀਜੋ ਅਤੇ ਬਿਜਾਈ ਤੋਂ ਪਹਿਲਾ ਕੈਪਟਾਨ/ਥੀਰਮ/ਬਾਵਿਸਟਨ 2-3 ਗਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ । ਸਤੰਬਰ ਵਿੱਚ ਬੀਜੀ ਹੋਈ ਪਨੀਰੀ 12-15 ਦਿਨਾਂ ਬਾਅਦ ਪੌਲੀ ਹਾਊਸ ਵਿੱਚ ਲਾਉਣ ਲਈ ਤਿਆਰ ਹੋ ਜਾਂਦੀ ਹੈ । ਇਸ ਮੌਸਮ ਵਿੱਚ ਪਨੀਰੀ ਨੂੰ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਉਣ ਵਾਸਤੇ ਪਲਾਸਟਿਕ ਨੈੱਟ ਨਾਲ ਢੱਕ ਦਿਉ । ਇਸ ਤਰ੍ਹਾਂ ਕਰਨ ਨਾਲ ਫ਼ਸਲ ਉੱਤੇ ਵਿਸ਼ਾਣੂ ਰੋਗਾਂ ਦੇ ਹਮਲੇ ਤੋਂ ਬਚਾਅ ਰਹਿੰਦਾ ਹੈ । ਇੱਕ ਏਕੜ ਵਿੱਚ ਪੌਲੀ ਨੈੱਟ ਹਾਊਸ ਵਿੱਚ 12000 ਤੋਂ 13000 ਬੂਟਿਆਂ ਦੀ ਲੋੜ ਹੈ । ਫ੍ਰੈਂਚ ਬੀਨ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ ।

**ਬੈੱਡ ਬਣਾਉਣਾ ਅਤੇ ਡਰਿੱਪ ਪਾਈਪਾਂ ਵਿਛਾਉਣਾ :** ਪੌਲੀ/ਨੈੱਟ ਹਾਊਸ ਵਿੱਚ ਪਟੜੇ (ਬੈੱਡ) ਤਿਆਰ ਕਰਦੇ ਸਮੇਂ ਹੇਠਲੇ ਪਾਸਿਉਂ ਬੈੱਡ 100-110 ਸੈਂਟੀਮੀਟਰ ਚੌੜਾ ਬਣਾਉ ਅਤੇ ਬੈੱਡ ਤਿਆਰ ਹੋਣ ਬਾਅਦ ਉੱਪਰਲੇ ਪਾਸਿਉਂ 60-70 ਸੈਂਟੀਮੀਟਰ ਚੌੜਾ ਰੱਖੋ । ਬੂਟੇ ਪਟੜਿਆਂ ਦੇ ਦੋਵੇਂ ਪਾਸੇ ਕਤਾਰਾਂ ਵਿੱਚ ਲਾਉ । ਇੱਕ ਕਤਾਰ ਜੋੜੇ ਵਿੱਚ ਦੂਜੀ ਕਤਾਰ ਦੇ ਬੂਟਿਆਂ ਦੀ ਬਿਜਾਈ/ਲਵਾਈ ਤ੍ਰਿਕੋਣੀ ਆਧਾਰ ਵਿੱਚ ਕਰੋ ਭਾਵ ਕਿ ਇੱਕ ਕਤਾਰ ਜੋੜੇ ਵਿੱਚ ਦੂਜੀ ਕਤਾਰ ਦੇ ਬੂਟਿਆਂ ਨੂੰ ਪਹਿਲੀ ਕਤਾਰ ਦੇ ਬੂਟਿਆਂ ਦੇ ਵਿਚਕਾਰ ਲਾਉਣਾ ਚਾਹੀਦਾ ਹੈ । ਇਸ ਤਰ੍ਹਾਂ ਕਰਨ ਨਾਲ ਬੂਟੇ ਨੂੰ ਧੁੱਪ ਅਤੇ ਹਵਾ ਬਰਾਬਰ ਮਿਲਦੀ ਹੈ ਅਤੇ ਫਲ ਵੀ ਜ਼ਿਆਦਾ ਲੱਗਦਾ ਹੈ ।

**ਫਾਸਲਾ ਅਤੇ ਸਿੰਚਾਈ :** ਕਤਾਰਾਂ ਵਿਚਲਾ ਫਾਸਲਾ 45-50 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 30 ਸੈਂਟੀਮੀਟਰ ਰੱਖੋ । ਇੱਕ ਬੈੱਡ ਤੇ ਦੋ ਡਰਿਪ ਲਾਈਨਾਂ (ਪਾਈਪਾਂ) ਵਿਛਾ ਦਿਉ । ਪਾਈਪ ਜਿਸ ਦੇ ਡਰਿਪਰਾਂ ਵਿਚਕਾਰ ਫਾਸਲਾ ਇੱਕ ਫੁੱਟ ਅਤੇ ਡਰਿਪਰ ਦੀ ਪਾਣੀ ਨਿਕਾਸੀ ਸਮਰੱਥਾ 2.0 ਲਿਟਰ ਪ੍ਰਤੀ ਘੰਟਾ ਰੱਖੋ ।

**ਵੇਲਾਂ ਦੀ ਕਾਂਟ-ਛਾਂਟ ਅਤੇ ਸਿਧਾਈ :** ਬੂਟੇ ਨੂੰ ਪਲਾਸਟਿਕ ਦੀ ਤਾਰ ਜਾਂ ਸੇਬੇ ਦੀ ਮਦਦ ਨਾਲ ਉੱਪਰ ਵਲ



ਚੜ੍ਹੋ । ਬੂਟੇ ਦਾ ਵਾਧਾ ਜਦ ਤਕਰੀਬਨ 2 ਤੋਂ 3 ਫੁੱਟ ਦਾ ਹੋ ਜਾਵੇ ਤਾਂ ਬੂਟੇ ਦੇ ਹੇਠਲੇ ਪਾਸਿਉਂ ਲਗਭਗ ਇੱਕ ਫੁੱਟ ਤੱਕ ਸਾਰੇ ਫੁੱਲ ਮਸਲ ਦਿਓ ਤਾਂ ਬੂਟੇ ਦਾ ਵਾਧਾ ਉੱਪਰ ਵਲ ਜ਼ਿਆਦਾ ਹੋਵੇ । ਜੇ ਬੂਟੇ ਦੀ ਇੱਕ ਗੰਢ ਤੇ ਜ਼ਿਆਦਾ ਫੁੱਲ ਤਿਆਰ ਹੋਣ ਅਤੇ ਮਾਦਾ ਫੁੱਲ ਸੁਕਣ ਲੱਗ ਜਾਣ ਤਾਂ ਲੋੜ ਮੁਤਾਬਕ ਕੁਝ ਮਾਦਾ ਫੁੱਲਾਂ ਨੂੰ ਮਸਲਿਆ ਜਾ ਸਕਦਾ ਹੈ । ਬੂਟੇ ਤੋਂ ਨਿਕਲਣ ਵਾਲੀਆਂ ਕਮਜ਼ੋਰ ਸ਼ਾਖਾਵਾਂ ਨੂੰ ਕਟ ਦਿਉ । ਇਸ ਤਰ੍ਹਾਂ ਕਰਨ ਨਾਲ ਵੇਲਾਂ ਨਰੋਈਆਂ ਅਤੇ ਫਲ ਭਰਪੂਰ ਲੱਗਦਾ ਹੈ ।

**ਤੁੜਾਈ :** ਫ਼ਲ ਜਦ ਕੱਚੇ ਅਤੇ ਗੂੜੇ ਹਰੇ ਰੰਗ ਦੇ ਹੋਣ ਤਾਂ ਤੋੜ ਲਵੋ । ਤੁੜਾਈਆਂ ਫਲਾਂ ਦੇ ਵਾਧੇ ਅਨੁਸਾਰ 3-4 ਦਿਨ ਦੇ ਵਕਫੇ ਤੇ ਕਰਦੇ ਰਹੋ । ਇਸ ਨਾਲ ਨਵੇਂ ਫ਼ਲ ਜਲਦੀ ਲੱਗਦੇ ਹਨ ਅਤੇ ਝਾੜ ਵਿੱਚ ਵਾਧਾ ਵੀ ਹੁੰਦਾ ਹੈ ।

**ਬਿਮਾਰੀਆਂ ਅਤੇ ਕੀੜੇ-ਮਕੌੜੇ :** ਪੌਲੀ ਨੈੱਟ ਹਾਊਸ ਵਿੱਚ ਖੀਰੇ ਤੇ ਪੀਲੇ ਧੱਬਿਆਂ ਦਾ ਰੋਗ, ਗਿੱਚੀ ਗਲਣਾ, ਝੁਲਸ ਰੋਗ, ਵਿਸ਼ਾਣੂ ਰੋਗ ਅਤੇ ਜੜ੍ਹ ਗੰਢ ਨਿਮਾਟੋਡ ਬਿਮਾਰੀਆਂ ਲੱਗਦੀਆਂ ਹਨ । ਕੀੜੇ-ਮਕੌੜਿਆਂ ਵਿੱਚ ਚਿੱਟੀ ਮੱਖੀ, ਤੇਲਾ, ਥਰਿਪ ਅਤੇ ਲਾਲ ਮਕੌੜੇ ਜੂੰ ਖੀਰੇ ਦੀ ਫ਼ਸਲ ਤੇ ਹਮਲਾ ਕਰਦੀਆਂ ਹਨ ।

**ਕੀੜੇ ਮਕੌੜੇ :**

**1. ਤੇਲਾ :** ਇਸ ਦਾ ਹਮਲਾ ਫ਼ਰਵਰੀ ਤੋਂ ਮਾਰਚ ਤੱਕ ਹੁੰਦਾ ਹੈ । ਇਹ ਪੱਤਿਆਂ ਤੋਂ ਰਸ ਚੂਸ ਲੈਂਦਾ ਹੈ । ਤੇਲਾ ਕਈ ਵਿਸ਼ਾਣੂੰ ਰੋਗ ਵੀ ਫੈਲਾਉਂਦਾ ਹੈ ।

**2. ਚਿੱਟੀ ਮੱਖੀ :** ਇਸਦੇ ਬਾਲਗ ਅਤੇ ਬੱਚੇ ਪੱਤਿਆਂ ਦਾ ਰਸ ਚੂਸਦੇ ਹਨ ਅਤੇ ਝਾੜ ਘਟਾਉਂਦੇ ਹਨ । ਫ਼ਸਲ ਦੀ ਸ਼ੁਰੂਆਤੀ ਅਵਸਥਾ ਵਿੱਚ ਚਿੱਟੀ ਮੱਖੀ ਦਾ ਹਮਲਾ ਹੋਣ ਤੇ ਇੱਕ ਤੋਂ ਦੋ ਛਿੜਕਾਅ 1200 ਮਿਲੀਲਿਟਰ *ਪੀ.ਏ.ਯੂ. ਨਿੰਮ ਦਾ ਘੋਲ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

*** ਪੀ. ਏ. ਯੂ. ਨਿੰਮ ਦਾ ਘੋਲ ਤਿਆਰ ਕਰਨ ਦੀ ਵਿਧੀ :** ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ । ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫ਼ਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ ।

**3. ਲਾਲ ਮਕੌੜਾ ਜੂੰ :** ਇਸ ਦਾ ਹਮਲਾ ਪੱਤਿਆਂ ਤੇ ਹੁੰਦਾ ਹੈ ਤੇ ਬੂਟਿਆਂ ਦਾ ਰਸ ਚੂਸਦਾ ਹੈ । ਪੱਤਿਆਂ ਤੇ ਜਾਲੇ ਬਣ ਜਾਂਦੇ ਹਨ ਅਤੇ ਪੱਤੇ ਸੁੱਕ ਦੇ ਝੜ ਜਾਂਦੇ ਹਨ ।

**ਬਿਮਾਰੀਆਂ :**

**1. ਚਿੱਟਾ ਰੋਗ :** ਇਸ ਰੋਗ ਕਾਰਨ ਪੱਤਿਆਂ, ਤਣਿਆਂ ਅਤੇ ਪੌਦੇ ਦੇ ਗੁੱਦੇਦਾਰ ਹਿੱਸਿਆਂ ਉੱਤੇ ਚਿੱਟਾ ਆਟੇ ਵਰਗਾ ਧੂੜਾ ਦਿਸਦਾ ਹੈ । ਜਦੋਂ ਮੌਸਮ ਖੁਸ਼ਕ ਹੋਵੇ ਤਾਂ ਇਹ ਰੋਗ ਜ਼ਿਆਦਾ ਵੱਧਦਾ ਹੈ । ਸਿੱਟੇ ਵਜੋਂ ਫ਼ਲ ਮਾੜੇ ਅਤੇ ਫਿੱਕੇ ਹੁੰਦੇ ਹਨ ।

**2. ਪੀਲੇ ਧੱਬਿਆਂ ਦਾ ਰੋਗ :** ਇਸ ਦੇ ਹਮਲੇ ਕਾਰਨ ਸਭ ਤੋਂ ਪਹਿਲਾਂ ਪੱਤੇ ਦੇ ਹੇਠਲੇ ਪਾਸੇ ਪਾਣੀ ਭਿੱਜੇ ਧੱਬੇ ਦਿਖਾਈ ਦਿੰਦੇ ਹਨ । ਪੱਤੇ ਦੇ ਉਪਰੋਂ ਦੇਖਣ ਤੇ ਇਹ ਧੱਬੇ ਪੀਲੇ ਰੰਗ ਦੇ ਨਜ਼ਰ ਆਉਂਦੇ ਹਨ । ਪੱਤੇ ਦੇ ਹੇਠਾਂ ਸਲੇਟੀ ਰੰਗ ਦਾ ਮਾਦਾ ਪੈਦਾ ਹੋ ਜਾਂਦਾ ਹੈ । ਇਹ ਧੱਬੇ ਵਿਚਕਾਰੋਂ ਭੂਰੇ ਰੰਗ ਵਿੱਚ ਬਦਲ ਜਾਂਦੇ ਹਨ ਅਤੇ ਇੱਕ ਦੂਜੇ ਨਾਲ ਮਿਲ ਜਾਂਦੇ ਹਨ । ਪੱਤਾ ਉੱਪਰ ਵੱਲ ਮੁੜ ਜਾਂਦਾ ਹੈ । ਵੇਲਾਂ ਝੁਲਸੀਆਂ ਹੋਈਆਂ ਲੱਗਦੀਆਂ ਹਨ ।

**3. ਗਿੱਚੀ ਗਲਣਾ :** ਜ਼ਮੀਨ ਦੀ ਪੱਧਰ ਤੇ ਤਣੇ ਦੇ ਹੇਠਲੇ ਪਾਸੇ ਭੂਰੇ ਤੇ ਗਹਿਰੇ ਭੂਰੇ ਰੰਗ ਦੇ ਚਟਾਖ਼ ਪੈ ਜਾਂਦੇ ਹਨ । ਪੌਦਾ ਅੰਤ ਨੂੰ ਮਰ ਜਾਂਦਾ ਹੈ ਜਾਂ ਉਖੇੜਾ ਰੋਗ ਪੌਦੇ ਨੂੰ ਹੋ ਜਾਂਦਾ ਹੈ ।

**4. ਵਿਸ਼ਾਣੂੰ ਰੋਗ :** ਪੱਤਿਆਂ ਤੇ ਗੂੜ੍ਹੇ ਹਰੇ ਅਤੇ ਹਲਕੇ ਹਰੇ ਚਟਾਖ਼ ਪੈ ਜਾਂਦੇ ਹਨ, ਆਕਾਰ ਛੋਟਾ ਹੋ ਜਾਂਦਾ ਹੈ ਅਤੇ ਕਈ ਵਾਰ ਸੁੰਗੜ ਕੇ ਉਂਗਲੀਆਂ ਵਾਂਗ ਹੋ ਜਾਂਦੇ ਹਨ । ਫ਼ਲ ਬੇਢਵੇਂ ਅਤੇ ਘੱਟ ਲੱਗਦੇ ਹਨ ।

ੳ) ਬਿਮਾਰ ਵੇਲਾਂ ਨੂੰ ਪੁੱਟ ਕੇ ਨਸ਼ਟ ਕਰ ਦਿਓ ।

ਅ) ਤੇਲੇ ਦੀ ਰੋਕਥਾਮ ਲਈ ਸਿਫ਼ਾਰਸ਼ ਕੀਤੀਆਂ ਦਵਾਈਆਂ ਦਾ ਛਿੜਕਾਅ ਕਰੋ ।

**5. ਜੜ੍ਹ-ਗੰਢ ਨੀਮਾਟੋਡ :** ਫ਼ਸਲ ਵਿਰਲੀ ਅਤੇ ਮਾੜੀ ਰਹਿੰਦੀ ਹੈ, ਪੱਤੇ ਪੀਲੇ ਅਤੇ ਛੋਟੇ ਰਹਿੰਦੇ ਹਨ । ਜੜ੍ਹਾਂ ਉੱਤੇ ਗੰਢਾਂ ਬਣ ਜਾਂਦੀਆਂ ਹਨ । ਹਮਲੇ ਵਾਲੀਆਂ ਵੇਲਾਂ ਮਰ ਜਾਂਦੀਆਂ ਹਨ ਅਤੇ ਦਿਨ ਵੇਲੇ ਛੇਤੀ ਮੁਰਝਾ ਜਾਂਦੀਆਂ ਹਨ । ਇਹ ਬਿਮਾਰੀ ਜ਼ਮੀਨ ਵਿੱਚੋਂ ਲੱਗਦੀ ਹੈ ।

ੳ) ਜ਼ਮੀਨ ਨੂੰ ਮਈ-ਜੂਨ ਦੇ ਮਹੀਨੇ ਵਾਹ ਕੇ ਚੰਗੀ ਤਰ੍ਹਾਂ ਧੁੱਪ ਲੁਆਓ ।

ਅ) ਬਿਮਾਰੀ ਵਾਲੀਆਂ ਜ਼ਮੀਨਾਂ ਵਿੱਚ ਝੋਨਾ, ਜਵੀ, ਕਣਕ ਅਤੇ ਤਾਰਾਮੀਰੇ ਨੂੰ ਫ਼ਸਲੀ ਚੱਕਰ ਵਿੱਚ ਲਿਆਓ ।

ੲ) ਪੌਲੀ ਜਾਂ ਨੈੱਟ ਹਾਊਸ ਵਿੱਚ ਜੜ੍ਹ-ਗੰਢ ਨੀਮਾਟੋਡ ਨਾਲ ਖੀਰੇ ਦੀ ਪ੍ਰਭਾਵਿਤ ਫ਼ਸਲ ਦੀ ਸਰਵਪੱਖੀ ਰੋਕਥਾਮ ਵਾਸਤੇ 40 ਕਿਲੋ ਸਰ੍ਹੋਂ ਦੀ ਖੱਲ ਅਤੇ 40 ਕਿਲੋ ਨਿੰਮ ਦੀ ਖੱਲ ਨੂੰ 100 ਕਿਲੋ ਰੂੜੀ ਦੀ ਖਾਦ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਖੀਰੇ ਦੀ ਬਿਜਾਈ ਤੋਂ 10 ਦਿਨ ਪਹਿਲਾਂ ਪਾਓ ।

# ਉੱਥੇ ਲੈ ਚੱਲ ਚਰਖਾ ਮੇਰਾ...

ਜੱਗਾ ਸਿੰਘ ਆਦਮਕੇ (ਮੋਬਾਇਲ : 81469-24800)

**ਘਰ ਨਾਲ ਸਬੰਧਤ ਕਿੱਤੇ ਸੁਆਣੀਆਂ ਦੇ ਹਿੱਸੇ ਆਏ ਹਨ ਪਰ ਫਿਰ ਵੀ ਬਹੁਤ ਸਾਰੇ ਖੇਤੀਬਾੜੀ ਦੇ ਕੰਮਾਂ ਵਿੱਚ ਸੁਆਣੀਆਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਖੇਤੀਬਾੜੀ ਨਾਲ ਮੋਰ ਕਿਸਾਨੀ ਪਰਿਵਾਰਾਂ ਨਾਲ ਜੁੜੀਆਂ ਮੁਟਿਆਰਾਂ ਦੇ ਸੁਭਾਅ ਦਾ ਹਿੱਸਾ ਹੈ...**

ਪੰਜਾਬੀ ਸੱਭਿਆਚਾਰ ਅਤੇ ਕਿਸਾਨੀ ਦਾ ਰਿਸ਼ਤਾ ਬੜਾ ਗਹਿਰਾ ਹੈ। ਅਸਲ ਵਿੱਚ ਖੇਤੀਬਾੜੀ ਪੰਜਾਬੀ ਸੱਭਿਆਚਾਰ ਦਾ ਕੇਂਦਰੀ ਧੁਰਾ ਹੈ। ਇਸ ਵਿੱਚ ਬਹੁਤ ਕੁੱਝ ਕਿਸਾਨੀ ਨਾਲ ਸਬੰਧਤ ਹੈ। ਕੁਝ ਅਜਿਹਾ ਹੋਣ ਕਾਰਨ ਪੰਜਾਬੀ ਦੇ ਗੀਤਾਂ ਤੇ ਬੋਲੀਆਂ ਵਿੱਚ ਕਿਸਾਨੀ ਨਾਲ ਸਬੰਧਤ ਕੰਮਾਂ, ਸੰਦਾਂ ਆਦਿ ਦਾ ਵੱਡੇ ਪੱਧਰ 'ਤੇ ਜ਼ਿਕਰ ਮਿਲਦਾ ਹੈ। ਕਿਸਾਨੀ ਨਾਲ ਸਬੰਧਤ ਬਹੁਤ ਸਾਰੇ ਪੱਖਾਂ ਦੇ ਨਾਲ-ਨਾਲ ਹਲ ਤੇ ਹਾਲੀ ਇੱਕ ਪ੍ਰਮੁੱਖ ਪੱਖ ਹੈ। ਗੁਰਬਾਣੀ ਵਿੱਚ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਬਹੁਤ ਸਾਰੇ ਪੱਖਾਂ ਦਾ ਵਰਣਨ ਮਿਲਦਾ ਹੈ। ਇਨ੍ਹਾਂ ਵਿੱਚ ਪ੍ਰਤੀਕਾਤਮਕ ਰੂਪ ਵਿੱਚ ਖੇਤੀਬਾੜੀ ਦੇ ਵੱਖ-ਵੱਖ ਸੰਦਾਂ ਦਾ ਵੀ ਜ਼ਿਕਰ ਮਿਲਦਾ ਹੈ। ਕੁੱਝ ਇਸੇ ਤਰ੍ਹਾਂ ਹੀ ਖੇਤੀਬਾੜੀ ਦੇ ਮੁੱਖ ਸੰਦ ਹਲ ਤੇ ਹਾਲੀ ਸੰਬੰਧੀ ਜ਼ਿਕਰ ਮਿਲਦਾ ਹੈ :

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।
ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ ॥
ਹਲੁ ਜੋਤੈ ਉਦਮੁ ਕਰੇ ਮੇਰਾ ਪੁੱਤੁ ਧੀ ਖਾਇ ॥

ਫ਼ਸਲਾਂ ਉਗਾਉਣ ਦੇ ਨਾਲ ਸਬੰਧਤ ਸਭ ਤੋਂ ਪਹਿਲਾ ਤੇ ਅਹਿਮ ਕੰਮ ਖੇਤ ਤਿਆਰ ਕਰਨਾ ਹੈ। ਖੇਤ ਵਿੱਚ ਹਲ ਵਾਹ ਕੇ ਖੇਤ ਤਿਆਰ ਕੀਤਾ ਜਾਂਦਾ ਹੈ। ਇਸ ਕੰਮ ਨੂੰ ਬੜੀ ਹਿੰਮਤ ਤੇ ਮਿਹਨਤ ਨਾਲ ਕੀਤਾ ਜਾਂਦਾ ਹੈ। ਇਹ ਕੰਮ ਪਸ਼ੂਆਂ ਦੀ ਸਹਾਇਤਾ ਨਾਲ ਕੀਤੇ ਜਾਣ ਕਾਰਨ ਕਾਫ਼ੀ ਸਮਾਂ ਲੈਣ ਵਾਲਾ ਹੁੰਦਾ ਸੀ। ਕੰਮ ਨੂੰ ਜਲਦੀ ਨਿਪਟਾਉਣ ਦੇ ਉਦੇਸ਼ ਨਾਲ ਕਿਸਾਨ ਸਵੇਰੇ ਜਲਦੀ ਉੱਠ ਖੇਤਾਂ ਵਿੱਚ ਜਾ ਹਲ ਜੋੜਦੇ ਸਨ। ਅਜਿਹਾ ਹੋਣ ਕਾਰਨ ਖੇਤ ਹਲ ਜੋੜਨ ਵਿੱਚ ਦੇਰੀ ਕਰਨ ਵਾਲੇ ਕਿਸਾਨ ਨੂੰ ਸਬੰਧਤ ਦੀ ਪਤਨੀ ਵੱਲੋਂ ਜਲਦੀ ਖੇਤ ਜਾਣ ਸੰਬੰਧੀ ਟੱਪਿਆਂ, ਲੋਕ ਬੋਲੀਆਂ, ਲੋਕ ਗੀਤਾਂ ਵਿੱਚ ਕਿਹਾ ਕੁਝ ਇਸ ਤਰ੍ਹਾਂ ਮਿਲਦਾ ਹੈ :

ਉੱਠ ਕੇ ਸੁੱਤਿਆ ਬੇਫਿਕਰਿਆ ਸ਼ੁਕੀਨਾ
ਤੇਰੇ ਹਾਣ ਦਿਆਂ ਖੇਤਾਂ ਵਿੱਚ ਹਲ ਜੋੜੇ।

ਹਲ ਵਾਹੁਣ ਵਾਲੇ ਕਿਸਾਨ ਆਮ ਤੌਰ 'ਤੇ ਸਵੇਰੇ ਜਲਦੀ ਖੇਤਾਂ ਨੂੰ ਚਲੇ ਜਾਂਦੇ ਸਨ। ਅਜਿਹਾ ਕਰਨ ਨਾਲ ਜਿੱਥੇ ਵਹਾਈ ਬਿਜਾਈ ਦਾ ਕੰਮ ਹੁੰਦਾ ਸੀ, ਉੱਥੇ ਗਰਮੀ ਵਰਗੇ ਮੌਸਮ ਤੋਂ ਵੀ ਬਚਾਅ ਹੁੰਦਾ ਸੀ। ਘਰੋਂ ਦੂਰ ਹਲ ਵਾਹੁੰਦੇ ਕਿਸਾਨ ਵੱਲੋਂ ਆਪਣੀ ਪਤਨੀ ਨੂੰ ਮਗਰ ਦੁੱਧ ਦਾ ਛੰਨਾ ਲੈ ਕੇ ਆਉਣ ਸੰਬੰਧੀ ਟੱਪਿਆਂ ਵਿਚ ਕਿਹਾ ਕੁੱਝ ਇਸ ਤਰ੍ਹਾਂ ਮਿਲਦਾ ਹੈ :

ਪਾਰ ਕੱਸੀਓ ਵਾਹਵਾਂ ਹਲ ਨੀ
ਪਿੱਛੇ ਆਈ ਤੂੰ ਲੈ ਕੇ ਦੁੱਧ ਦਾ ਛੰਨਾ ਨੀ।

ਖੇਤੀਬਾੜੀ ਆਮ ਕਰ ਕੇ ਪੰਜਾਬੀਆਂ ਲਈ ਮਰਦ ਪ੍ਰਧਾਨ ਕਿੱਤਾ ਹੈ। ਅਜਿਹਾ ਹੋਣ ਕਾਰਨ ਇਸ ਨਾਲ ਸਬੰਧਤ ਜ਼ਿਆਦਾਤਰ ਕੰਮ ਪੁਰਸ਼ਾਂ ਵੱਲੋਂ ਕੀਤੇ ਜਾਂਦੇ ਰਹੇ ਹਨ। ਘਰ ਨਾਲ ਸਬੰਧਤ ਕਿੱਤੇ ਸੁਆਣੀਆਂ ਦੇ ਹਿੱਸੇ ਆਏ ਹਨ ਪਰ ਫਿਰ ਵੀ ਬਹੁਤ ਸਾਰੇ ਖੇਤੀਬਾੜੀ ਦੇ ਕੰਮਾਂ ਵਿੱਚ ਸੁਆਣੀਆਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਖੇਤੀਬਾੜੀ ਨਾਲ ਮੋਹ ਕਿਸਾਨੀ ਪਰਿਵਾਰਾਂ ਨਾਲ ਜੁੜੀਆਂ ਮੁਟਿਆਰਾਂ ਦੇ ਸੁਭਾਅ ਦਾ ਹਿੱਸਾ ਹੈ। ਬੋਲੀਆਂ ਵਿੱਚ ਕਿਸੇ ਮੁਟਿਆਰ ਵੱਲੋਂ ਹਲ ਵਾਹੁੰਦੇ ਕਿਸੇ ਆਪਣੇ ਕੋਲ ਚਰਖਾ ਲੈ ਜਾਣ ਦੀ ਇੱਛਾ ਪ੍ਰਗਟ ਕੀਤੀ ਕੁਝ ਇਸ ਤਰ੍ਹਾਂ ਮਿਲਦੀ ਹੈ :

ਉੱਥੇ ਲੈ ਚੱਲ ਚਰਖਾ ਮੇਰਾ
ਜਿੱਥੇ ਤੇਰਾ ਹਲ ਚੱਲਦਾ

ਬੇਸ਼ੱਕ ਖੇਤੀਬਾੜੀ ਦੀਆਂ ਜ਼ਿਆਦਾਤਰ ਕਿਰਿਆਵਾਂ ਵਿੱਚ ਮਨੁੱਖਾਂ ਦੀ ਸਿੱਧੀ ਭੂਮਿਕਾ ਹੈ ਅਤੇ ਪਸ਼ੂਆਂ ਦੀ ਸਹਾਇਤਾ ਨਾਲ ਹਲ ਵਾਹੁੰਣਾ ਮਨੁੱਖਾਂ ਦਾ ਕੰਮ ਹੈ, ਪਰ ਲੋਕ ਬੋਲੀਆਂ ਵਿੱਚ ਕਾਲਪਨਿਕ ਤਰੀਕੇ ਨਾਲ ਟੱਪਿਆਂ, ਬੋਲੀਆਂ ਵਿੱਚ ਪੰਛੀਆਂ ਤੇ ਜਾਨਵਰਾਂ ਨੂੰ ਹਲ ਵਾਹੁੰਦਾ ਚਿਤਰਿਆ ਕੁਝ ਇਸ ਤਰ੍ਹਾਂ ਮਿਲਦਾ ਹੈ :

ਕੰਛੂਕੁਮਾ ਬਣਿਆ ਹਾਲੀ
ਡੱਡੂ ਬੰਨ੍ਹਦਾ ਘੇਰੇ
ਬਈ ਚਿੜਾ ਚਿੜੀ ਤਾਂ ਕੱਢਣ ਪਾੜੇ
ਕਾਂ ਤਰਪਾਲੀ ਫੇਰੇ
ਨੱਚ ਲੈ ਸ਼ਾਮ ਕੁਰੇ
ਕੀ ਸੱਪ ਲੜਿਆ ਤੇਰੇ
ਨੱਚ ਲੈ ਸ਼ਾਮ ਕੁਰੇ...

ਖੇਤੀਬਾੜੀ ਨਾਲ ਸਬੰਧਤ ਕੰਮ ਕਾਰ ਸਾਰੀਆਂ ਰੁੱਤਾਂ ਵਿੱਚ ਜਾਰੀ ਰਹਿੰਦੇ ਹਨ। ਕਿਸੇ ਰੁੱਤੇ ਕੁੱਝ ਘੱਟ ਕਿਸੇ ਰੁੱਤੇ ਕੁੱਝ ਜ਼ਿਆਦਾ। ਜਿੱਥੇ ਖੇਤੀਬਾੜੀ ਦਾ ਕੰਮ ਸਖ਼ਤ ਮਿਹਨਤ ਵਾਲਾ ਹੈ, ਉੱਥੇ ਸਰਦੀ ਤੇ ਗਰਮੀ ਵਰਗੇ ਸਖ਼ਤ ਮੌਸਮਾਂ ਵਿੱਚ ਇਹ ਹੋਰ ਵੀ ਔਖਾ ਹੁੰਦਾ ਹੈ। ਕੁਝ ਇਸੇ ਤਰ੍ਹਾਂ ਹੀ ਜੇਠ ਹਾੜ੍ਹ ਦੇ ਸਖ਼ਤ ਮੌਸਮ ਵਿੱਚ ਹਲ ਵਾਹੁਣ ਦਾ ਜ਼ਿਕਰ ਟੱਪਿਆਂ ਬੋਲੀਆਂ ਵਿੱਚ ਕੁੱਝ ਇਸ ਤਰ੍ਹਾਂ ਮਿਲਦਾ ਹੈ :

ਹਲ ਵਾਹਵੇ ਵੇ ਜੇਠ ਦੀ ਧੁੱਪੇ
ਔਖੀ ਐ ਕਮਾਈ ਜੱਟ ਦੀ।

ਬਲਦਾਂ, ਊਠਾਂ ਨੂੰ ਵਾਹੁੰਣ ਲਈ ਹਲ ਅਤੇ ਦੂਸਰੇ ਔਜ਼ਾਰਾਂ ਦੀ ਜ਼ਰੂਰਤ ਵੀ ਹੁੰਦੀ ਹੈ। ਲੋਕ ਟੱਪਿਆਂ ਵਿੱਚ ਇਨ੍ਹਾਂ ਦਾ ਜ਼ਿਕਰ ਕੁੱਝ ਇਸ ਤਰ੍ਹਾਂ ਮਿਲਦਾ ਹੈ :

ਮੋਢੇ ਹੜਰਸ ਤੇ ਹੱਥ ਵਿੱਚ ਪਰਾਣੀ
ਅੱਗੇ ਜੋੜੀ ਢੀਂਗਿਆਂ ਦੀ...

ਵਾਰਿਸ਼ ਸ਼ਾਹ ਦੀ ਹੀਰ ਪੰਜਾਬੀ ਜਨ ਜੀਵਨ ਤੇ ਸੱਭਿਆਚਾਰ ਦੀ ਸੁੰਦਰ ਤਸਵੀਰ ਪੇਸ਼ ਕਰਨ ਵਾਲੀ ਸ਼ਾਹਕਾਰ ਰਚਨਾ ਹੈ। ਜਿੱਥੇ ਪੰਜਾਬੀ ਸੱਭਿਆਚਾਰ ਦੇ ਬਹੁਤ ਸਾਰੇ ਪੱਖਾਂ ਨੂੰ ਇਸ ਵਿੱਚ ਪਰੋਇਆ ਹੋਇਆ ਹੈ, ਉੱਥੇ ਇਸ ਵਿੱਚ ਕਿਸਾਨੀ ਅਤੇ ਲੋਕ ਕਿੱਤਿਆਂ ਸੰਬੰਧੀ ਵੀ ਜ਼ਿਕਰ ਮਿਲਦਾ ਹੈ। ਇਸ ਵਿੱਚ ਰਾਂਝੇ ਦੁਆਰਾ ਹਲ ਵਾਹੁਣ ਦਾ ਜ਼ਿਕਰ ਕੁੱਝ ਇਸ ਤਰ੍ਹਾਂ ਮਿਲਦਾ ਹੈ :

ਰਾਂਝੇ ਜੋਤਰਾ ਵਾਹ ਕੇ ਥੱਕ ਰਿਹਾ
ਲਾਹ ਅਰਲੀਆਂ ਛਾਉਂ ਨੂੰ ਆਂਵਦਾ ਏ।
ਤੱਤਾ ਆਣ ਕੇ ਭਾਬੀ ਨੇ ਕੋਲ ਧਰਿਆ
ਹਾਲ ਆਪਣਾ ਹੋ ਸਣਾਂਵਦਾਂ ਏ।
ਛਾਲੇ ਪਏ ਤੇ ਪੈਰ ਫੁੱਟੇ
ਸਾਨੂੰ ਵਾਹੀਦਾ ਕੰਮ ਨਾ ਭਾਂਵਦਾ ਏ।
ਭਾਬੀ ਆਖਦੀ ਲਾਡਲਾ ਬਾਪ ਦਾ ਸੈਂ
ਵਾਰਿਸ਼ ਸ਼ਾਹ ਪਿਆਰਾ ਹੀ ਮਾਉ ਦਾ ਏ...

ਹਲ ਵਾਹੁਣ ਵਾਲੇ ਹਾਲੀ ਦਾ ਕੰਮ ਕਾਫ਼ੀ ਮਿਹਨਤ ਵਾਲਾ ਕੰਮ ਹੈ। ਹਾਲੀ ਦੇ ਕੰਮ ਕਰਨ ਲਈ ਮਿਹਨਤੀ ਸੁਭਾਅ ਦਾ ਹੋਣਾ ਜ਼ਰੂਰੀ ਹੈ। ਵਾਰਿਸ਼ ਸ਼ਾਹ ਦੁਆਰਾ ਆਪਣੀ ਰਚਨਾ 'ਹੀਰ' ਵਿੱਚ ਇਸ ਪੱਖ ਸੰਬੰਧੀ ਰਾਂਝੇ ਰਾਹੀਂ ਬਿਆਨ ਕੀਤਾ ਕੁਝ ਇਸ ਤਰ੍ਹਾਂ ਮਿਲਦਾ ਹੈ :

ਮੂੰਹ ਚੱਟ ਜੋ ਆਰਸੀ ਨਾਲ ਵੇਖਣ
ਤਿੰਨਾਂ ਵਾਹਣ ਕੌਹਾ ਹਲ ਵਾਹਦਾ ਈ।
ਪਿੰਡਾ ਪਾਲ ਕੇ ਚੌਪੜੇ ਪਟੇ ਜਿੰਨਾ
ਕਿਸੇ ਰੰਨ ਕੀ ਉਨ੍ਹਾਂ ਤੋਂ ਚਾਹੁਣਾ ਈ
ਜਿਹੜਾ ਭੁਇੰ ਦੇ ਮਾਮਲੇ ਕਰੇ ਬੈਠਾ
ਏਸ ਤੋੜ ਨਾ ਮੂਲ ਨਿਬਾਹੁਣਾ ਈ
ਪਿਆ ਵੰਝਲੀ ਵਾਹੇ ਤੇ ਰਾਗ ਗਾਵੇ
ਕੋਈ ਰੋਜ਼ ਦਾ ਇਹ ਪ੍ਰਾਹੁਣਾ ਈ...

ਹਲ ਵਾਹੁੰਣਾ, ਮਿੱਟੀ ਨਾਲ ਮਿੱਟੀ ਹੋਣਾ ਹੈ। ਭਾਵੇਂ ਇਹ ਪੁਰਸ਼ਾਂ ਦਾ ਕਿੱਤਾ ਹੈ ਪਰ ਬੋਲੀਆਂ ਵਿੱਚ ਕਿਸੇ ਮੁਟਿਆਰ ਵੱਲੋਂ ਇਸ ਵਿੱਚ ਮਦਦ ਕਰਨ ਅਤੇ ਗਰਦ ਪੈਣ ਦੇ ਡਰ ਦਾ ਜ਼ਿਕਰ ਕੁੱਝ ਇਸ ਤਰ੍ਹਾਂ ਮਿਲਦਾ ਹੈ :

ਆਪ ਤਾਂ ਮੁੰਡਾ ਹਲ ਚਲਾਵੇ
ਮੈਥੋਂ ਪਵਾਉਂਦਾ ਬੀ
ਵੇ ਮੇਰੇ ਤੇ ਗਰਦ ਪਊਗੀ
ਮੈਂ ਵੱਡੇ ਘਰ ਦੀ ਧੀ
ਵੇ ਮੇਰੇ ਤੇ ਗਰਦ ਪਊਗੀ...

ਹਾਲੀਆਂ ਦੇ ਹਲ ਵਾਹੁੰਣ ਦੇ ਨਾਲ-ਨਾਲ ਜਜ਼ਬੇ, ਸੁਪਨੇ ਅਤੇ ਜ਼ਿੰਦਗੀ ਦੇ ਦੂਸਰੇ ਪੱਖ ਵੀ ਹੁੰਦੇ ਸਨ। ਅਜਿਹੇ ਪੱਖ ਨੂੰ ਲੋਕ ਬੋਲੀਆਂ, ਟੱਪਿਆਂ ਵਿੱਚ ਕੁੱਝ ਇਸ ਤਰ੍ਹਾਂ ਪੇਸ਼ ਕੀਤਾ ਮਿਲਦਾ ਹੈ :

ਅਲਕ ਵਹਿੜਕੇ ਚੱਲਣੋਂ ਰਹਿ ਗਏ
ਮੋਢੇ ਧਰੀ ਪੰਜਾਲੀ
ਤੈਂ ਮੋਹ ਲਿਆ ਨੀ
ਹਲ ਵਾਹੁੰਦਾ ਹਾਲੀ...

ਹਾਲੀ ਦਾ ਕੰਮ ਸਖ਼ਤ ਮਿਹਨਤ ਵਾਲਾ ਤੇ ਹਾੜ੍ਹੀ ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਲਈ ਗਰਮੀ ਸਰਦੀ ਦੇ ਮੌਸਮਾਂ ਵਿੱਚ ਕੀਤਾ ਜਾਣ ਵਾਲਾ ਕੰਮ ਹੈ। ਅਜਿਹੀਆਂ ਸਥਿਤੀਆਂ ਵਿੱਚ ਜ਼ਿਆਦਾ ਸਮਾਂ ਅਤੇ ਧੁੱਪ ਵਿੱਚ ਕੰਮ ਕਰਨ ਤੋਂ ਦੁੱਖੀ ਸਬੰਧਤ ਦੀ ਹਮਸਫ਼ਰ ਕੁੱਝ ਇਸ ਤਰ੍ਹਾਂ ਕਹਿੰਦੀ ਹੈ :

ਸੁਣ ਵੇ ਗੱਭਰੂਆ ਚੀਰੇ ਵਾਲਿਆ
ਛੈਲ ਛਬੀਲਿਆ ਸ਼ੇਰਾ
ਤੇਰੇ ਬਾਝੋਂ ਘਰ ਵਿੱਚ ਸਾਨੂੰ
ਦਿਸਦਾ ਘੁੱਪ ਹਨੇਰਾ
ਹੋਰ ਹਾਲੀ ਤਾਂ ਘਰਾਂ ਨੂੰ ਆ ਗਏ
ਤੈ ਵਗ ਲਿਆ ਕਿਉਂ ਘੇਰਾ
ਤੈਨੂੰ ਧੁੱਪ ਲੱਗਦੀ
ਭੁੱਜਦਾ ਕਾਲਜਾ ਮੇਰਾ...

ਰਾਂਝੇ ਦੇ ਹਲ ਵਾਹੁਣ ਤੋਂ ਅਸਮਰੱਥ ਹੋਣ ਅਤੇ ਇਸ ਦਾ ਉਸ ਦੀਆਂ ਭਰਜਾਈਆਂ ਦੁਆਰਾ ਮਿਹਣਾ ਦਿੱਤੇ ਜਾਣ ਸੰਬੰਧੀ ਅਤੇ ਅਜਿਹਾ ਹੋਣ ਕਾਰਨ ਰਾਂਝੇ ਦੇ ਘਰ ਛੱਡ ਦੇਣ ਸੰਬੰਧੀ ਵਾਰਿਸ਼ ਸ਼ਾਹ ਦੀ ਹੀਰ ਵਿੱਚ ਵੇਰਵਾ ਕੁੱਝ ਇਸ ਤਰ੍ਹਾਂ ਮਿਲਦਾ ਹੈ :

ਖ਼ਬਰ ਭਾਈਆਂ ਨੂੰ ਲੋਕਾਂ ਜਾਇ ਦਿੱਤੀ
ਧੀਦੋ ਰੁੱਸ ਹਜ਼ਾਰਿਉ ਚੱਲਿਆ ਜੇ
ਹਲ ਵਾਹੁਣਾ ਉਸ ਤੋਂ ਹੋਏ ਨਾਹੀਂ
ਮਾਰ ਬੋਲੀਆਂ ਭਾਬੀਆਂ ਸੱਲਿਆ ਜੇ...

ਹੱਲ ਵਾਹੁਣਾ ਕਿਸਾਨੀ ਜੀਵਨ ਦਾ ਲਾਜ਼ਮੀ ਹਿੱਸਾ ਹੋਣ ਕਾਰਨ ਇਸ ਦਾ ਤਜ਼ਰਬਾ ਹੋਣਾ ਕਿਸਾਨਾਂ ਲਈ ਜ਼ਰੂਰੀ ਹੈ ਪ੍ਰੰਤੂ ਜੇਕਰ ਕਿਸੇ ਕਿਸਾਨ ਨੂੰ ਅਜਿਹਾ ਗੁਰ ਨਹੀਂ ਆਉਂਦਾ ਤਾਂ ਸਬੰਧਤ ਦਾ ਅਸਫ਼ਲ ਕਿਸਾਨ ਹੋਣਾ ਮੰਨਿਆ ਜਾਂਦਾ ਹੈ। ਕਿਸੇ ਅਜਿਹੇ ਵਿਅਕਤੀ ਸੰਬੰਧੀ ਸਬੰਧਤ ਦੀ ਪਤਨੀ ਵੱਲੋਂ ਟੱਪਿਆਂ, ਬੋਲੀਆਂ ਵਿੱਚ ਕੁੱਝ ਇਸ ਤਰ੍ਹਾਂ ਕਿਹਾ ਮਿਲਦਾ ਹੈ :

ਤੈਨੂੰ ਪੱਗ ਬੰਨ੍ਹਣੀ
ਤੈਨੂੰ ਲੜ ਛੱਡਣਾ
ਤੈਨੂੰ ਹਲ ਵਾਹੁਣਾ ਨਾ ਆਵੇ
ਤੇਰੇ ਘਰ ਕੀ ਵਸਦਾ...

ਕਿਸਾਨ ਕੋਲ ਰੁੱਤਾਂ ਦੇ ਅਨੁਸਾਰ ਕਈ ਵਾਰ ਕਾਫ਼ੀ ਵਿਹਲ ਹੁੰਦੀ ਹੈ ਅਤੇ ਇਸ ਸਮੇਂ ਲੁਤਫ਼ ਲੈਣ ਲਈ ਵੀ ਉਪਯੋਗ ਕੀਤਾ ਜਾਂਦਾ ਹੈ ਪ੍ਰੰਤੂ ਵਾਹੀ ਬਿਜਾਈ ਦੇ ਦਿਨਾਂ ਵਿੱਚ ਬੱਤ ਜਾਂ ਰੁੱਤ ਲੰਘਣ ਦਾ ਡਰ ਹੋਣ ਕਾਰਨ ਕਾਫ਼ੀ ਰੁਝੇਵਿਆਂ ਭਰਪੂਰ ਵੀ ਹੁੰਦਾ ਹੈ। ਅਜਿਹੇ ਸਮੇਂ ਕਿਸਾਨਾਂ ਨੂੰ ਖੇਤੀਬਾੜੀ ਨੂੰ ਵਧੇਰੇ ਸਮਾਂ ਕੁੱਝ ਇਸ ਤਰ੍ਹਾਂ ਦੇਣਾ ਪੈਂਦਾ ਹੈ :

ਜੱਟ ਦੀ ਜੂਨ ਬੁਰੀ
ਹਲ ਛੱਡ ਕੇ ਚਰ੍ਹੀ ਨੂੰ ਜਾਣਾ...

ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਖੇਤਾਂ ਵਿੱਚ ਅਨਾਜ ਦਾ ਉਤਪਾਦਨ ਵੱਖ-ਵੱਖ ਜੀਵਾਂ ਦੇ ਕਰਮਾਂ ਦਾ ਹੁੰਦਾ ਹੈ। ਅਜਿਹਾ ਹੋਣ ਕਾਰਨ ਫ਼ਸਲ ਦੀ ਬਿਜਾਈ ਦੇ ਸਮੇਂ ਹਲ ਦੇ ਪੈਰ ਵਿੱਚ ਬੀਜ ਪਾਉਣਾ ਸ਼ੁਰੂ ਕਰਨ ਸਮੇਂ ਕਿਸਾਨ ਰੱਬ ਨੂੰ ਯਾਦ ਕਰਦਿਆਂ ਕੁੱਝ ਇਸ ਤਰ੍ਹਾਂ ਉਚਾਰਦਾ ਹੈ :

ਚਿੜੀ ਜਨੌਰ ਦੇ ਭਾਗੀ
ਹਾਲੀ ਪਾਲੀ ਦੇ ਭਾਗੀ
ਰਾਹੀ ਪਾਧੀ ਦੇ ਭਾਗੀ
ਪਾਧੇ ਪੀਤੇ ਦੇ ਭਾਗੀ...

ਪੰਜਾਬ ਦੀਆਂ ਬਹੁਤ ਸਾਰੀਆਂ ਲੋਕ ਬੋਲੀਆਂ, ਟੱਪਿਆਂ ਆਦਿ ਵਿੱਚ ਕਿਸਾਨੀ ਦੇ ਵੱਖ-ਵੱਖ ਪੱਖਾਂ ਲਈ ਹਲ ਤੇ ਹਾਲੀਆਂ ਸੰਬੰਧੀ ਜ਼ਿਕਰ ਕੀਤਾ ਕੁੱਝ ਇਸ ਤਰ੍ਹਾਂ ਮਿਲਦਾ ਹੈ :

ਅੱਕੀ ਕੁੜੀ ਦੀਆਂ ਚਾਂਦੀ ਦੀਆਂ ਝਾਂਜਰਾਂ
ਗੁੱਛੇ ਲਮਕਦੇ ਵਾਰੋ ਵਾਰ
ਦੇਖਿਓ ਮੁੰਡਿਓ ਹੱਲ ਛੱਡ ਕੇ
ਇਹਦੀ ਢਾਲ ਮੰਗਦੇ ਪਟਵਾਰੀ...

ਪੰਜਾਬੀ ਦੀਆਂ ਬੋਲੀਆਂ ਵਿੱਚ ਹਲ ਤੇ ਹਾਲੀ ਕੁੱਝ ਇਸ ਤਰ੍ਹਾਂ ਬੋਲਦਾ ਹੈ :

ਕਿਹਨੇ ਬਣਾਏ ਹਲ ਤੇ ਪੰਜਾਲੀ
ਕਿਹਨੇ ਬਣਾਏ ਤੀਰ ਮੁੰਡਿਆ
ਤੇਰੀ ਗਿੱਧੇ ਵਿੱਚ ਨੱਚਦੀ ਹੀਰ ਮੁੰਡਿਆ
ਤੇਰੇ ਗਿੱਧੇ ਵਿੱਚ...

ਖੇਤੀਬਾੜੀ ਦੇ ਕਿੱਤੇ ਨੂੰ ਕਦੇ ਦੂਸਰੇ ਕਿੱਤਿਆਂ ਦੇ ਮੁਕਾਬਲੇ ਉੱਤਮ ਮੰਨਿਆ ਜਾਂਦਾ ਸੀ। ਨੌਕਰੀ ਕਰਨ ਨੂੰ ਲੋਕ ਕੋਈ ਬਹੁਤਾ ਵਧੀਆ ਨਹੀਂ ਸੀ ਮੰਨਦੇ। ਅਜਿਹਾ ਹੋਣ ਦਾ ਇੱਕ ਕਾਰਨ ਅਜੋਕੇ ਸੰਚਾਰ ਅਤੇ ਆਵਾਜਾਈ ਦੇ ਸਾਧਨਾਂ ਦੀ ਘਾਟ ਵੀ ਪ੍ਰਮੁੱਖ ਕਾਰਨ ਹੋਵੇਗਾ। ਅਜਿਹਾ ਹੋਣ ਕਾਰਨ ਲੋਕ ਬੋਲੀਆਂ, ਟੱਪਿਆਂ ਵਿੱਚ ਖੇਤੀਬਾੜੀ ਸੰਬੰਧੀ ਕੁੱਝ ਇਸ ਤਰ੍ਹਾਂ ਕਿਹਾ ਮਿਲਦਾ ਹੈ :

ਡੂੰਘਾ ਵਾਹ ਲੈ ਹਲ ਵੇ
ਤੇਰੀ ਘਰੇ ਨੌਕਰੀ

ਘਰੋਂ ਦੂਰ ਨੌਕਰੀ ਕਰਨ ਵਾਲੇ ਨੂੰ ਜ਼ਿਆਦਾ ਵਧੀਆ ਨਾ ਮੰਨਣ ਕਾਰਨ ਇੱਕ ਮੁਟਿਆਰ ਆਪਣੇ ਬਾਬਲ ਨੂੰ ਨੌਕਰ ਦੀ ਬਜਾਏ ਵਰ ਦੇ ਰੂਪ ਵਿੱਚ ਹਾਲੀ ਚੁਣਨ ਲਈ ਟੱਪਿਆਂ, ਬੋਲੀਆਂ ਰਾਹੀਂ ਕੁੱਝ ਇਸ ਤਰ੍ਹਾਂ ਕਹਿੰਦੀ ਹੈ :

ਨੌਕਰ ਨੂੰ ਨਾ ਦੇਈਂ ਬਾਬਲਾ
ਹਾਲੀ ਪੁੱਤ ਬਥੇਰੇ।

ਪੰਜਾਬੀ ਸੱਭਿਆਚਾਰ ਤੇ ਖੇਤੀਬਾੜੀ, ਕਿਸਾਨੀ ਦੇ ਇਰਦ-ਗਿਰਦ ਘੁੰਮਦੇ ਹੋਣ ਕਾਰਨ ਲੋਕ ਸਾਹਿਤ ਦੇ ਵੱਖ-ਵੱਖ ਰੂਪਾਂ ਵਿੱਚ ਇਸ ਦਾ ਜ਼ਿਕਰ ਮਿਲਦਾ ਹੈ। ਪੰਜਾਬੀ ਬੁਝਾਰਤਾਂ ਵਿੱਚ ਖੇਤੀਬਾੜੀ ਸੰਬੰਧੀ ਵਰਣਨ ਕੁੱਝ ਇਸ ਤਰ੍ਹਾਂ ਮਿਲਦਾ ਹੈ :

ਚਾਰ ਘੋੜੇ, ਦੋ ਅਸਵਾਰ
ਬੱਘੀ ਕਰਦੀ ਚੱਲੇ ਮਾਰੋ ਮਾਰ।
(ਬਲਦ, ਸੁਹਾਗਾ)

ਹਲ ਵਾਹੁੰਣ ਵਾਲਾ ਹਾਲੀ ਸਿਰਫ਼ ਸਿੱਧਾ ਹਲ ਹੀ ਨਹੀਂ ਸੀ ਵਾਹੁੰਦਾ, ਸਗੋਂ ਕਾਫ਼ੀ ਤਜ਼ਰਬਾ ਰੱਖਣ ਵਾਲਾ ਤੇ ਪੂਰਾ ਕਲਾਕਾਰ ਹੁੰਦਾ ਸੀ। ਪਿੰਡ ਦੇ ਚੰਗੇ ਹਾਲੇ ਹੋਣ ਸੰਬੰਧੀ ਅਕਸਰ ਚਰਚਾ ਹੁੰਦੀ ਸੀ। ਕਿਸੇ ਹਾਲੀ ਦੇ ਅਜਿਹੇ ਹੁਨਰ ਦਾ ਜ਼ਿਕਰ ਗੀਤਾਂ, ਲੋਕ ਗੀਤਾਂ ਵਿੱਚ ਕੁੱਝ ਇਸ ਤਰ੍ਹਾਂ ਮਿਲਦਾ ਹੈ :

ਮੁੰਡਾ ਗਜ਼ ਵਰਗੇ ਓੜੇ ਕੱਢਦਾ ਏ
ਇੱਕ ਨੰਬਰ ਦਾ ਹਾਲੀ ਨੀਂ...

ਇਸ ਤਰ੍ਹਾਂ ਹਾਲੀ ਪਹਿਲਾਂ ਸਾਰੀ ਵਾਹੀ ਊਠਾਂ, ਬਲਦਾਂ ਦੇ ਨਾਲ ਹਲ ਚਲਾ ਕੇ ਕਰਦੇ ਸਨ। ਕਿਸਾਨ ਪਰਿਵਾਰਾਂ ਦੇ ਮੁੰਡੇ ਆਪਣੇ ਹਲ ਵਾਹੁਣ ਵਾਲੇ ਪਰਿਵਾਰਕ ਮੈਂਬਰਾਂ ਤੋਂ ਹਲ ਵਾਹੁਣ ਦੇ ਗੁਰ ਸਿੱਖ ਲੈਂਦੇ ਸਨ। ਇਹ ਹਲ ਵਾਹੁਣ ਵਾਲੇ ਸਵੇਰੇ ਜਲਦੀ ਖੇਤਾਂ ਨੂੰ ਆਪਣੇ ਪਸ਼ੂ ਲੈ ਕੇ ਨਿਕਲਦੇ ਸਨ। ਇਸ ਸਮੇਂ ਦਾ ਵੱਖਰਾ ਨਜ਼ਾਰਾ ਹੁੰਦਾ ਸੀ। ਇਸ ਕੰਮ ਲਈ ਕਈ ਘਰ ਸਾਝਾ ਕਰ ਕੇ ਵੀ ਇੱਕ ਦੂਸਰੇ ਨਾਲ ਕੰਮ ਕਰਵਾਉਂਦੇ ਸਨ, ਪ੍ਰੰਤੂ ਹੁਣ ਮਸ਼ੀਨੀਕਰਨ ਕਾਰਨ ਪਸ਼ੂਆਂ ਨਾਲ ਹਲ ਵਾਹੁਣ ਦਾ ਕੰਮ ਲਗਪਗ ਖ਼ਤਮ ਹੋ ਗਿਆ ਹੈ। ਅਜਿਹਾ ਹੋਣ ਕਾਰਨ ਕਿਸਾਨੀ ਜੀਵਨ ਵਿੱਚ ਵੀ ਕਾਫ਼ੀ ਤਬਦੀਲੀ ਆਈ ਹੈ।

ਹੁਣ ਕਿਸਾਨਾਂ ਕੋਲ ਵਾਹੀ ਨਾਲ ਸਬੰਧਤ ਪਹਿਲਾਂ ਵਰਗੇ ਰੁਝੇਵੇ ਨਹੀਂ ਹਨ। ਊਠ ਅਤੇ ਬਲਦਾਂ 'ਤੇ ਨਿਰਭਰਤਾ ਨਾ ਰਹਿਣ ਕਾਰਨ ਉਹ ਪਹਿਲਾਂ ਵਾਂਗ ਕਿਸਾਨੀ ਜੀਵਨ ਦਾ ਹਿੱਸਾ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਨਾਲ ਪਹਿਲਾਂ ਵਾਲਾ ਲਗਾਅ ਹੀ ਹੈ।

## ਬੇਸਬਰੀ ਨਾਲ ਮੀਂਹਾਂ ਦੀ ਉਡੀਕ

ਹਾਲੀ ਫ਼ਸਲਾਂ ਬੀਜਣ, ਗਿੱਲ ਸਾਂਭਣ ਆਦਿ ਵਰਗੇ ਉਦੇਸ਼ਾਂ ਨਾਲ ਹਲ ਵਾਹੁੰਦੇ ਹਨ। ਪਹਿਲਾਂ ਜਦੋਂ ਆਧੁਨਿਕ ਸਿੰਚਾਈ ਸਾਧਨ ਨਹੀਂ ਸੀ ਹੁੰਦੇ, ਤਦ ਜ਼ਿਆਦਾਤਰ ਫ਼ਸਲਾਂ ਮੀਂਹ 'ਤੇ ਨਿਰਭਰ ਹੁੰਦੀਆਂ ਸਨ। ਅਜਿਹਾ ਹੋਣ ਕਾਰਨ ਸਾਉਣ ਮਹੀਨੇ ਦੇ ਮੀਂਹਾਂ ਦੀ ਬੇਸਬਰੀ ਨਾਲ ਉਡੀਕ ਹੁੰਦੀ ਸੀ। ਜਿੱਥੇ ਰੇਤਲੀਆਂ, ਰੇਸਲੀਆਂ ਜ਼ਮੀਨਾਂ ਵਿੱਚ ਹਾੜ੍ਹੀ ਦੀਆਂ ਫ਼ਸਲਾਂ ਲਈ ਗਿੱਲ ਸਾਂਭੀ ਜਾਂਦੀ ਸੀ, ਉੱਥੇ ਇਸ ਦੀ ਨਮੀ ਨਾਲ ਸਾਉਣੀ ਦੀਆਂ ਬਾਜਰੇ ਵਰਗੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਸਨ। ਅਜਿਹੇ ਪੱਖ ਦਾ ਬੋਲੀਆਂ, ਲੋਕ ਗੀਤਾਂ, ਟੱਪਿਆਂ ਵਿੱਚ ਜ਼ਿਕਰ ਕੁੱਝ ਇਸ ਤਰ੍ਹਾਂ ਮਿਲਦਾ ਹੈ :

ਸਾਉਣ ਮਹੀਨੇ ਮੀਂਹ ਪੈ ਗਿਆ ਹਲ ਜੋੜ ਕੇ ਜਾਈ। ਦਸ ਘੁਮਾ ਵਾਹਣ ਆਪਣਾ ਬਾਜਰਾ ਬੀਜ ਕੇ ਆਈ।

# ਇੰਝ ਕਰੋ ਬਟਨ ਖੁੰਬ ਦੀ ਕਾਸ਼ਤ



ਖੁੰਬਾਂ ਨੂੰ ਕੁਦਰਤੀ ਤੌਰ ਤੇ ਪੌਸ਼ਟਿਕ ਸ਼ਾਕਾਹਾਰੀ ਭੋਜਨ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ । ਫ਼ਲਾਂ ਅਤੇ ਸਬਜ਼ੀਆਂ ਦੀ ਤਰ੍ਹਾਂ ਖੁੰਬਾਂ ਪ੍ਰੋਟੀਨ, ਰੇਸ਼ੇ, ਵਿਟਾਮਿਨ ਬੀ-3, ਵਿਟਾਮਿਨ ਬੀ-5, ਵਿਟਾਮਿਨ ਸੀ, ਵਿਟਾਮਿਨ ਡੀ, ਸਿਲੇਨੀਅਮ ਦਾ ਵਧੀਆ ਸਰੋਤ ਮੰਨਿਆ ਜਾਂਦਾ ਹੈ, ਜਿਹੜਾ ਕਿ ਇਸ ਨੂੰ ਇੱਕ ਬਿਹਤਰ ਖੁਰਾਕ ਬਣਾਉਂਦਾ ਹੈ । ਕਿਸਾਨਾਂ ਰਾਹੀਂ ਜਮ੍ਹਾਂ ਕੀਤੀ ਪਰਾਲੀ ਅਤੇ ਤੂੜੀ ਦੀ ਰਹਿੰਦ-ਖੂੰਹਦ ਦੀ ਵਰਤੋਂ ਬਟਨ ਖੁੰਬ ਪੈਦਾ ਕਰਨ ਲਈ ਕੀਤੀ ਜਾ ਸਕਦੀ ਹੈ । ਖੁੰਬਾਂ ਦੀ ਕਾਸ਼ਤ ਨੂੰ ਲਾਹੇਵੰਦ ਅਤੇ ਨਕਦ ਪੈਸੇ ਕਮਾਉਣ ਵਾਲੀ ਫ਼ਸਲ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਖੇਤੀਬਾੜੀ ਦੀ ਰਹਿੰਦ-ਖੂੰਹਦ ਵਰਤੀ ਜਾਂਦੀ ਹੈ ਅਤੇ ਜ਼ਮੀਨ ਦੀ ਲੋੜ ਨਹੀਂ ਹੁੰਦੀ । ਖੁੰਬਾਂ ਨੂੰ ਝੌਂਪੜੇ ਅਤੇ ਪੱਕੇ ਘਰਾਂ ਵਿੱਚ ਉਗਾਇਆ ਜਾ ਸਕਦਾ ਹੈ । ਤੇਜ਼ੀ ਨਾਲ ਵੱਧ ਰਹੇ ਸ਼ਹਿਰੀਕਰਨ ਅਤੇ ਬਦਲ ਰਹੀਆਂ ਖੁਰਾਕੀ ਆਦਤਾਂ ਨੇ ਖੁੰਬਾਂ ਪੈਦਾ ਕਰਨ ਦੀ ਲੋੜ ਵਧਾ ਦਿੱਤੀ ਹੈ ।

## ਬਟਨ ਖੁੰਬ ਦੀ ਕਾਸ਼ਤ

ਤੂੜੀ ਅਤੇ ਪਰਾਲੀ ਦੀ ਵਰਤੋਂ ਰਾਹੀਂ ਬਟਨ ਖੁੰਬ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਇਸ ਖੁੰਬ ਦੀਆਂ ਦੋ ਫ਼ਸਲਾਂ, ਸਤੰਬਰ ਤੋਂ ਮਾਰਚ ਤੱਕ ਲਈਆਂ ਜਾ ਸਕਦੀਆਂ ਹਨ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੰਪੋਸਟ ਬਣਾਉਣ ਦੇ ਤਰੀਕੇ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਿਸ ਵਿੱਚ 300 ਕਿਲੋ ਤੂੜੀ ਜਾਂ ਅੱਧੀ



ਤੂੜੀ (150 ਕਿਲੋ) ਤੇ ਅੱਧੀ ਝੋਨੇ ਦੀ ਪਰਾਲੀ (150 ਕਿਲੋ) ਦੀ ਵਰਤੋਂ ਕੀਤੀ ਜਾ ਸਕਦੀ ਹੈ । ਕੰਪੋਸਟ ਤਿਆਰ ਕਰਨ ਵੇਲੇ, ਤੂੜੀ ਅਤੇ ਪਰਾਲੀ ਨੂੰ ਪਾਣੀ ਨਾਲ ਗਿੱਲਾ ਕੀਤਾ ਜਾਂਦਾ ਹੈ ਤਾਂ ਜੋ ਇਸ ਵਿੱਚ 65% ਸਿੱਲ੍ਹ ਬਣ ਜਾਵੇ ਅਤੇ ਦੂਜੀ ਪਲਟੀ ਸਮੇਂ ਪਰਾਲੀ ਨੂੰ ਤੂੜੀ ਨਾਲ ਰਲਾ ਦਿੱਤਾ ਜਾਂਦਾ ਹੈ । ਇਸ ਫਾਰਮੂਲੇ ਵਿੱਚ ਯੂਰੀਆ (7.5 ਕਿਲੋ), ਸੁਪਰਫਾਸਫੇਟ (3.0 ਕਿਲੋ), ਮਿਊਰੇਟ ਆਫ਼ ਪੋਟਾਸ਼ (3.0 ਕਿਲੋ), ਚੋਕਰ (15.0 ਕਿਲੋ), ਸੀਰਾ (5.0 ਕਿਲੋ), ਜਿਪਸਮ (30.0 ਕਿਲੋ), ਫੁਰਾਡੇਨ (3 ਜੀ-150 ਗ੍ਰਾਮ) ਅਤੇ ਨੁਵਾਨ (30 ਮਿਲੀਲੀਟਰ) ਦੀ ਵਰਤੋਂ ਕੀਤੀ ਜਾਂਦੀ ਹੈ । ਇਸ ਫਾਰਮੂਲੇ ਨੂੰ ਕੰਪੋਸਟ ਬਣਾਉਣ ਦੇ ਲੰਬੇ ਤਰੀਕੇ ਲਈ ਵਰਤਿਆ ਜਾ ਸਕਦਾ ਹੈ । ਇਸ ਵਿੱਚ ਸੱਤ ਪਲਟੀਆਂ ਲੱਗਦੀਆਂ ਹਨ । ਇਸ ਤਰ੍ਹਾਂ 26 ਦਿਨਾਂ ਵਿੱਚ ਕੰਪੋਸਟ ਤਿਆਰ ਹੋ ਜਾਂਦੀ ਹੈ ।

ਵਧੀਆ ਕੰਪੋਸਟ ਦਾ ਰੰਗ ਭੂਰਾ, ਚੰਗੀ ਤਰ੍ਹਾਂ ਗਲੀ ਹੋਵੇ, ਅਮੋਨੀਆ ਦੀ ਗੰਧ ਨਾ ਹੋਵੇ, ਤੇਜ਼ਾਬੀ ਮਾਦਾ (7.0 ਤੋਂ 8.0) ਹੋਣਾ ਚਾਹੀਦਾ ਹੈ । ਬੀਜ ਦੀ ਮਾਤਰਾ 10 ਗ੍ਰਾਮ ਪ੍ਰਤੀ ਕਿਲੋ ਕੰਪੋਸਟ ਦੇ ਹਿਸਾਬ ਨਾਲ ਹੋਣੀ ਚਾਹੀਦੀ ਹੈ । ਤਿਆਰ ਕੰਪੋਸਟ ਵਿੱਚ ਬੀਜ ਪਉਣ ਦੇ ਦੋ ਢੰਗ ਹੁੰਦੇ ਹਨ : 1) ਤਹਿਆਂ ਵਿੱਚ ਬਿਜਾਈ ਅਤੇ 2) ਤਿਆਰ ਕੰਪੋਸਟ ਵਿੱਚ ਬੀਜ ਰਲਾਉਣਾ । ਬਿਜਾਈ ਪਾਲੀਥੀਨ ਬੈਗਾਂ ਜਾਂ ਟਰੇਆਂ ਵਿੱਚ ਕੀਤੀ ਜਾ ਸਕਦੀ ਹੈ । ਇਨ੍ਹਾਂ ਤਿਆਰ ਕੀਤੇ ਹੋਏ ਬੈਗਾਂ ਅਤੇ ਟਰੇਆਂ ਨੂੰ ਖੁੰਬ ਘਰ ਵਿੱਚ ਸ਼ੈਲਫ਼ਾਂ ਤੇ ਰੱਖਿਆ ਜਾਂਦਾ ਹੈ ਅਤੇ ਕਮਰੇ ਦਾ ਤਾਪਮਾਨ 20-24°C ਹੋਣਾ ਚਾਹੀਦਾ ਹੈ । ਰੇਸ਼ਾਂ ਫੈਲਣ ਤੋਂ ਬਾਅਦ, ਕੀਟਾਣੂ ਰਹਿਤ ਕੇਸਿੰਗ ਮਿੱਟੀ (ਗੋਹੇ ਦੀ ਰੂੜੀ ਅਤੇ ਰੇਤਲੀ ਮਿੱਟੀ 4:1) ਦੀ 1-1.5 ਇੰਚ ਪੱਧਰੀ ਤਹਿ ਕੰਪੋਸਟ 'ਤੇ ਵਿਛਾ ਦਿਉ । ਹਰ ਰੋਜ਼ ਟਰੇਆਂ/ਬੈਗਾਂ ਨੂੰ ਪਾਣੀ ਦਿਉ ਅਤੇ ਲੋੜ ਅਨੁਸਾਰ 5-6 ਘੰਟਿਆਂ ਲਈ ਤਾਜ਼ੀ ਹਵਾ ਦਾ ਕਮਰੇ ਵਿੱਚ ਸੰਚਾਰ ਕਰੋ । ਖੁੰਬਾਂ, ਕੇਸਿੰਗ ਕਰਨ ਤੋਂ 10-15 ਦਿਨਾਂ ਬਾਅਦ ਫੁੱਟ ਪੈਂਦੀਆਂ ਹਨ । ਜੋ ਕਿ ਲਗਾਤਾਰ 30-35 ਦਿਨਾਂ ਤੱਕ ਤੋੜੀਆਂ ਜਾ ਸਕਦੀਆਂ ਹਨ । ਖੁੰਬਾਂ ਦੀ ਤੁੜਾਈ ਦਾ ਖਾਸ ਢੰਗ ਹੈ, ਜਿਸ ਵਿੱਚ ਖੁੰਬਾਂ ਨੂੰ ਟੋਪੀ ਤੋਂ ਫੜ ਕੇ ਹਲਕਾ ਜਿਹਾ ਘੁਮਾਇਆ ਜਾਂਦਾ ਹੈ ਅਤੇ ਹੇਠਲੇ ਮਿੱਟੀ ਵਾਲੇ ਹਿੱਸੇ ਨੂੰ ਕੱਟ ਦਿੱਤਾ ਜਾਂਦਾ ਹੈ । ਤੁੜਾਈ ਤੋਂ ਬਾਅਦ ਖੁੰਬਾਂ ਨੂੰ 200 ਗ੍ਰਾਮ ਦੀ ਪੈਕਿੰਗ ਕਰਕੇ, ਮੰਡੀ ਵਿੱਚ ਸਹਿਜੇ ਹੀ ਵੇਚਿਆ ਜਾ ਸਕਦਾ ਹੈ । ਖੁੰਬਾਂ ਦੀ ਕਾਸ਼ਤ, ਕਿਸਾਨਾਂ ਲਈ ਇੱਕ ਬਹੁਤ ਵਧੀਆ ਸਹਾਇਕ ਕਿੱਤਾ ਹੈ ਜਿਸ ਨਾਲ ਖੇਤੀ ਰਹਿੰਦ ਖੂੰਹਦ ਦੀ ਸੁਚੱਜੀ ਵਰਤੋਂ ਕਰਕੇ ਸਿਹਤ ਅਤੇ ਆਮਦਨ ਦੋਨਾਂ ਵਿੱਚ ਵਾਧਾ ਕੀਤਾ ਜਾ ਸਕਦਾ ਹੈ । ਇਸ ਤੋਂ ਇਲਾਵਾ ਮਾਈਕ੍ਰੋਬਾਇਓਲੋਜੀ ਵਿਭਾਗ ਵਲੋਂ ਲੋਕਾਂ ਨੂੰ ਖੁੰਬਾਂ ਦਾ ਸਪਾਨ ਅਤੇ ਤਿਆਰ ਕੀਤੇ ਕੰਪੋਸਟ ਬੈਗ ਵੀ ਮੁਹੱਈਆ ਕਰਵਾਏ ਜਾਂਦੇ ਹਨ ।

**- ਸ਼ਿਵਾਨੀ ਸ਼ਰਮਾ ਅਤੇ ਜਸਪ੍ਰੀਤ ਕੌਰ, ਮਾਈਕਰੋਬਾਇਓਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 88728-63025)**

# ਮੱਕੀ ਨੂੰ ਭਾਰਤ ਦਾ ਨਵਾਂ ਕੱਚਾ ਤੇਲ ਬਣਨਾ ਚਾਹੀਦਾ

ਡਾ. ਆਰ. ਪੀ. ਗੁਪਤਾ

ਭਾਰਤ ਨੂੰ ਆਤਮ-ਨਿਰਭਰ ਬਣਨ ਅਤੇ 5 ਟ੍ਰਿਲੀਅਨ ਡਾਲਰ ਦੀ ਅਰਥ-ਵਿਵਸਥਾ ਦਾ ਟੀਚਾ ਹਾਸਲ ਕਰਨ ਲਈ ਉਸ ਦੀਆਂ ਸਭ ਤੋਂ ਵੱਡੀਆਂ ਕਮਜ਼ੋਰੀਆਂ ਵਿੱਚੋਂ ਇੱਕ ਦਰਾਮਦੀ ਪੈਟਰੋਲੀਅਮ ਅਤੇ ਐਲ. ਐਨ. ਜੀ. 'ਤੇ ਨਿਰਭਰਤਾ ਦਾ ਹੱਲ ਸਾਡੇ ਸਾਹਮਣੇ ਹੈ । ਇੱਕ ਕੇਂਦਰੀ 5 ਸਾਲਾ ਯੋਜਨਾ ਅਪਣਾ ਕੇ ਭਾਰਤ ਊਰਜਾ ਦਰਾਮਦ 'ਤੇ ਨਿਰਭਰਤਾ ਘੱਟ ਕਰ ਸਕਦਾ ਹੈ, ਆਤਮ-ਨਿਰਭਰਤਾ, ਖੁਰਾਕ ਸੁਰੱਖਿਆ ਅਤੇ ਡੀਕਾਰਬਨਾਈਜੇਸ਼ਨ ਨੂੰ ਤੇਜ਼ ਕਰ ਸਕਦਾ ਹੈ ।

ਭਾਰਤ ਦਾ ਸਾਲਾਨਾ ਪੈਟਰੋਲੀਅਮ ਦਰਾਮਦੀ ਬਿੱਲ 24 ਲੱਖ ਕਰੋੜ ਰੁਪਏ ਹੈ ਅਤੇ ਤੇਜ਼ੀ ਨਾਲ ਵੱਧ ਰਿਹਾ ਹੈ । 2030 ਤੱਕ ਪੈਟਰੋਲੀਅਮ, ਐਲ. ਐਨ. ਜੀ. ਅਤੇ ਪੈਟਰੋ-ਕੈਮੀਕਲ ਫੀਡਸਟਾਕਸ ਦੀ ਦਰਾਮਦ ਤਿੰਨ ਗੁਣਾ ਹੋਣ ਦੀ ਸੰਭਾਵਨਾ ਹੈ, ਜੋ ਅਰਥ-ਵਿਵਸਥਾ 'ਤੇ ਭਾਰੀ ਬੋਝ ਪਾਵੇਗੀ ਅਤੇ ਰਾਸ਼ਟਰੀ ਸੁਰੱਖਿਆ ਨੂੰ ਕਮਜ਼ੋਰ ਕਰੇਗੀ । ਭਾਰਤ ਦੀਆਂ 85 ਫੀਸਦੀ ਊਰਜਾ ਜ਼ਰੂਰਤਾਂ ਦਰਾਮਦ ਰਾਹੀਂ ਪੂਰੀਆਂ ਹੁੰਦੀਆਂ ਹਨ, ਜੋ ਜੀ. ਡੀ. ਪੀ. ਵਾਧੇ ਦੇ ਨਾਲ ਹੋਰ ਵਧਣਗੀਆਂ, ਜੇਕਰ ਕੋਈ ਕਦਮ ਨਾ ਚੁੱਕਿਆ ਗਿਆ ।

ਪੈਟਰੋਲੀਅਮ ਨਾਲ ਸੰਬੰਧਿਤ ਈਂਧਨ ਹੀ ਭਾਰਤ ਦੇ ਵਾਤਾਵਰਣ ਪ੍ਰਦੂਸ਼ਣ ਵਿੱਚ ਲਗਭਗ 40 ਫੀਸਦੀ ਯੋਗਦਾਨ ਪਾਉਂਦੇ ਹਨ, ਖਾਸ ਕਰਕੇ ਦਿੱਲੀ ਵਰਗੇ ਸ਼ਹਿਰਾਂ ਵਿੱਚ, ਜੋ ਵਿਸ਼ਵ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਸ਼ਾਮਿਲ ਹਨ । ਜਦੋਂ ਤੱਕ ਭਾਰਤ ਆਪਣੀ ਊਰਜਾ ਨਿਰਭਰਤਾ ਨੂੰ ਘੱਟ ਨਹੀਂ ਕਰਦਾ, ਉਦੋਂ ਤੱਕ ਪ੍ਰਦੂਸ਼ਣ ਅਤੇ ਦਰਾਮਦੀ ਊਰਜਾ ਦੀ ਲਾਗਤ ਉਸ ਦੇ ਵਿਕਾਸ ਵਿੱਚ ਰੁਕਾਵਟ ਪਾਉਂਦੀ ਰਹੇਗੀ ।

### ਇਸ ਦਾ ਹੱਲ ਹੈ ਮੱਕੀ ਇਨਕਲਾਬ

ਭਾਰਤ ਨੂੰ ਬ੍ਰਾਜ਼ੀਲ ਮਾਡਲ ਅਪਣਾਉਣਾ ਚਾਹੀਦਾ ਹੈ, ਜਿਸ ਨੇ ਸਫਲਤਾਪੂਰਵਕ ਈਥਾਨੌਲ-ਆਧਾਰਿਤ ਅਰਥ-ਵਿਵਸਥਾ ਵਿਕਸਿਤ ਕੀਤੀ ਹੈ । ਬ੍ਰਾਜ਼ੀਲ ਨੇ 100 ਫੀਸਦੀ ਈਥਾਨੌਲ ਈਂਧਨ (92 ਫੀਸਦੀ ਈਥਾਨੌਲ, 8 ਫੀਸਦੀ ਪਾਣੀ) 'ਤੇ ਚੱਲਣ ਵਾਲੇ ਵਾਹਨਾਂ ਦਾ ਉਤਪਾਦਨ ਕੀਤਾ, ਜਿਸ ਨਾਲ ਉਸ ਨੇ 30 ਸਾਲਾਂ ਦੀ ਪੈਟਰੋਲੀਅਮ 'ਤੇ ਨਿਰਭਰਤਾ ਘੱਟ ਕੀਤੀ ਹੈ ।

### ਭਾਰਤ ਦੀ ਮੰਗ ਜ਼ਿਆਦਾ ਸਵੱਛ ਹੈ

ਭਾਰਤ ਨੂੰ ਹਰ ਸਾਲ 35 ਮਿਲੀਅਨ ਟਨ ਪੈਟਰੋਲ ਦੀ ਲੋੜ ਹੁੰਦੀ ਹੈ । ਹਵਾਬਾਜ਼ੀ ਈਂਧਨ, ਨਵਿਆਉਣਯੋਗ ਡੀਜ਼ਲ ਅਤੇ ਹੋਰ ਜੈਵ ਈਂਧਨਾਂ ਦੀ ਵਧਦੀ ਮੰਗ ਹੁੰਦੀ ਹੈ । ਇਹ ਲੋੜ 70 ਮਿਲੀਅਨ ਟਨ ਮੱਕੀ ਉਤਪਾਦਨ ਨਾਲ ਪੂਰੀ ਹੋ ਸਕਦੀ ਹੈ, ਜਿਸ ਦੇ ਲਈ 2000 ਮਿਲੀਅਨ ਟਨ ਮੱਕੀ ਦੀ ਲੋੜ ਹੋਵੇਗੀ ।

ਵਿਸ਼ਵਵਿਆਪੀ ਤੁਲਨਾ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਹਰ ਸਾਲ 400 ਮਿਲੀਅਨ ਟਨ ਮੱਕੀ ਪੈਦਾ ਕਰਦਾ ਹੈ । ਚੀਨ 300 ਮਿਲੀਅਨ ਟਨ, ਬ੍ਰਾਜ਼ੀਲ 150 ਮਿਲੀਅਨ ਟਨ, ਜਦੋਂ ਕਿ ਭਾਰਤ ਸਿਰਫ 45 ਮਿਲੀਅਨ ਟਨ ਮੱਕੀ ਪੈਦਾ ਕਰਦਾ ਹੈ, ਜਿਸ ਦੀ ਅਗਲੇ ਪੰਜ ਸਾਲਾਂ ਵਿੱਚ 200 ਮਿਲੀਅਨ ਟਨ ਤੱਕ ਪਹੁੰਚਣ ਦੀ ਸਮਰੱਥਾ ਹੈ ।

### ਮੱਕੀ ਦੇ ਪ੍ਰਮੁੱਖ ਲਾਭ :

1. **ਊਰਜਾ ਸੁਰੱਖਿਆ** : ਦਰਾਮਦ ਵਿੱਚ ਕਮੀ, ਪ੍ਰਦੂਸ਼ਣ ਅਤੇ ਨਿਕਾਸੀ ਵਿੱਚ ਕਮੀ ।

2. **ਪੇਂਡੂ ਖੁਸ਼ਹਾਲੀ** : ਕਿਸਾਨਾਂ ਅਤੇ ਪੇਂਡੂ ਖੇਤਰਾਂ ਲਈ ਨਵੀਂ ਆਮਦਨ ।

3. **ਆਰਥਿਕ ਬੱਚਤ** : ਅਰਬਾਂ ਡਾਲਰ ਦੀ ਵਿਦੇਸ਼ੀ ਮੁਦਰਾ ਬੱਚਤ ।



4. **ਖੁਰਾਕ ਅਤੇ ਭੋਜਨ ਸੁਰੱਖਿਆ** : ਮੱਕੀ ਦੇ ਉਪ-ਉਤਪਾਦਾਂ ਵਿੱਚ ਖੁਰਾਕ, ਜਾਨਵਰਾਂ ਦੀ ਖੁਰਾਕ, ਖਾਣ ਵਾਲੇ ਤੇਲ ਅਤੇ ਪੀਣ ਵਾਲੇ ਪਦਾਰਥਾਂ ਦੇ ਗੁੜ੍ਹ ।

5. **ਸਾਫ ਹਵਾ** : ਸ਼ਹਿਰਾਂ ਵਿੱਚ ਪ੍ਰਦੂਸ਼ਣ ਵਿੱਚ ਤੇਜ਼ ਗਿਰਾਵਟ ।

6. **ਖਾਣ ਵਾਲੇ ਤੇਲ ਦੀ ਆਬਾਦੀ** : ਈਥਾਨੌਲ ਉਤਪਾਦਨ ਵਿੱਚ 4 ਮਿਲੀਅਨ ਟਨ ਪ੍ਰਤੀ ਸਾਲ ਮੱਕੀ ਦਾ ਤੇਲ ਪ੍ਰਾਪਤ ਹੋਵੇਗਾ, ਜਿਸ ਨਾਲ ਪਾਮ ਆਇਲ ਦੀ ਦਰਾਮਦ ਵਿੱਚ ਕਟੌਤੀ ਹੋਵੇਗੀ (ਪ੍ਰਤੀ ਸਾਲ 20 ਬਿਲੀਅਨ ਤੋਂ ਵੱਧ) ।

ਮੱਕੀ ਨਾ ਸਿਰਫ ਬਾਇਓਫਿਊਲ (ਈਥਾਨੌਲ, ਮਿਥੇਨੌਲ, ਐਸ. ਏ. ਐਫ. ਆਰ. ਡੀ.) ਦਾ ਉਤਪਾਦਨ ਕਰ ਸਕਦੀ ਹੈ, ਸਗੋਂ ਪਸ਼ੂਆਂ ਲਈ ਪ੍ਰੋਟੀਨ ਫੀਡ ਵੀ ਬਣਾ ਸਕਦੀ ਹੈ । ਜਿਵੇਂ ਖਾਣਾ ਪਕਾਉਣ ਵਾਲਾ ਤੇਲ (ਪਾਮ ਆਇਲ ਦਾ ਇੱਕ ਸਿਹਤਮੰਦ ਬਦਲ), ਪੀਣ ਵਾਲੇ ਪਦਾਰਥਾਂ ਦੇ ਗੁੜ੍ਹ ਸੀ. ਓ. ਅਤੇ ਡਾਊਨਸਟ੍ਰੀਮ ਪੋਲੀਮਰ ਅਤੇ ਗ੍ਰੀਨ ਹਾਈਡ੍ਰੋਜਨ (ਘੱਟ-ਘੱਟ ਬਿਜਲੀ ਇਨਪੁੱਟ ਦੇ ਨਾਲ) ਵੀ ਪੈਦਾ ਕਰ ਸਕਦੀ ਹੈ । ਇਹ ਮੱਕੀ ਨੂੰ ਭਾਰਤ ਦੇ ਊਰਜਾ ਪਰਿਵਰਤਨ ਲਈ ਸਭ ਤੋਂ ਬਹੁਮੁਖੀ ਅਤੇ ਰਣਨੀਤਿਕ ਫ਼ਸਲ ਬਣਾਉਂਦਾ ਹੈ ।

ਪੈਟਰੋਲੀਅਮ ਮੰਤਰਾਲੇ ਨੇ ਹਾਲ ਹੀ ਵਿੱਚ ਪੈਟਰੋਲੀਅਮ-ਆਧਾਰਿਤ ਈਥੀਲੀਨ ਕਰੈਕਰਸ ਲਈ 100 ਅਰਬ ਡਾਲਰ ਦੀ ਮਨਜ਼ੂਰੀ ਦਿੱਤੀ ਹੈ । ਇਹ ਉਲਟ ਹੈ । ਇਹੀ ਈਥੀਲੀਨ ਮੱਕੀ ਈਥਾਨੌਲ ਤੋਂ ਪੂੰਜੀਗਤ ਲਾਗਤ ਦੇ ਸਿਰਫ 30 ਤੋਂ 40 ਫੀਸਦੀ 'ਤੇ ਪੈਦਾ ਕੀਤੀ ਜਾ ਸਕਦੀ ਹੈ, ਜਿਸ ਨਾਲ ਪੇਂਡੂ ਖੇਤਰਾਂ ਲਈ ਵਾਤਾਵਰਣ ਪ੍ਰਭਾਵ ਅਤੇ ਵਿਆਪਕ ਲਾਭ ਪੁੱਜੇਗਾ ।

ਹੁਣ ਸਮਾਂ ਆ ਗਿਆ ਹੈ ਕਿ ਵਿਸ਼ਵ-ਵਿਆਪੀ ਸਫਲਤਾਵਾਂ ਤੋਂ ਸਿੱਖੀਏ । ਅਮਰੀਕਾ ਵਿੱਚ 200 ਈਥਾਨੌਲ ਪਲਾਂਟ ਪ੍ਰਤੀ ਸਾਲ 6 ਕਰੋੜ ਟਨ ਈਥਾਨੌਲ ਦਾ ਉਤਪਾਦਨ ਕਰਦੇ ਹਨ, ਜੋ ਕਿ ਭਾਰਤ ਦੀ ਗੈਸੋਲੀਨ ਮੰਗ ਤੋਂ ਲਗਭਗ ਦੁੱਗਣਾ ਹੈ । ਬ੍ਰਾਜ਼ੀਲ ਵਿੱਚ ਫਲੈਕਸ-ਫਿਊਲ ਕਾਰਾਂ 100 ਫੀਸਦੀ ਈਥਾਨੌਲ ਜਾਂ ਉਸ ਦ ਮਿਸ਼ਰਣ ਨਾਲ ਚੱਲਦੀਆਂ ਹਨ । ਭਾਰਤ ਦੀ ਤਾਕਤ ਇਹ ਹੈ ਕਿ ਇਸ ਦੇ ਫ਼ਸਲੀ ਚੱਕਰ 110 ਦਿਨਾਂ ਤੋਂ ਵੀ ਘੱਟ ਹਨ । ਕਿਸੇ ਵੀ ਵਿਸ਼ਵਵਿਆਪੀ ਮੁਕਾਬਲੇਬਾਜ਼ ਦੀ ਤੁਲਨਾ ਵਿੱਚ ਮੱਕੀ ਉਤਪਾਦਨ ਨੂੰ ਤੇਜ਼ੀ ਨਾਲ ਵਧਾਇਆ ਸਕਦਾ ਹੈ । ਪਿਛਲੀਆਂ ਸਫਲਤਾਵਾਂ ਦੀਆਂ ਕਹਾਣੀਆਂ ਦਰਸਾਉਂਦੀਆਂ ਹਨ ਕਿ ਇਹ ਸੰਭਵ ਹੈ । ਬੀ. ਟੀ. ਕਪਾਹ (2002) ਦੀ ਵਰਤੋਂ ਨੇ ਭਾਰਤ ਨੂੰ ਇੱਕ ਦਹਾਕੇ ਵਿੱਚ ਕਪਾਹ ਦਰਾਮਦਕਾਰ ਤੋਂ ਇੱਕ ਵਿਸ਼ਵ ਨੇਤਾ ਵਿੱਚ ਬਦਲ ਦਿੱਤਾ । ਬੰਗਲਾਦੇਸ਼ ਵਿੱਚ ਜੀ. ਐਮ. ਬੈਂਗਣ ਦੀ ਵਰਤੋਂ ਨਾਲ ਉਤਪਾਦਿਕਤਾ ਵਿੱਚ ਨਾਟਕੀ ਵਾਧਾ ਹੋਇਆ । ਈਂਧਨ-ਉਦੇਸ਼ ਵਾਲੇ ਪੀਲੇ ਡੈਂਟ ਵਾਲੇ ਮੱਕੀ ਦੇ ਬੀਜਾਂ ਨੂੰ ਅਪਣਾਉਣ ਨਾਲ ਭਾਰਤ ਦੀ ਆਰਥਿਕਤਾ ਬਦਲ ਸਕਦੀ ਹੈ ।

**ਹੇਠ ਲਿਖੀਆਂ ਕਾਰਵਾਈਆਂ ਦੀ ਸਿਫਾਰਿਸ਼ ਕੀਤੀ ਜਾਂਦੀ ਹੈ :-**

★ ਤੇਲ ਰਿਫਾਇਨਰੀਆਂ ਰਾਹੀਂ ਮੈਗਾ ਬਾਇਓ-ਈਥਾਨੌਲ ਪਲਾਂਟ (1200-1500 ਕੇ. ਐਲ. ਪੀ. ਡੀ.) ਸਥਾਪਤ ਕਰਨਾ । ਪੈਟਰੋਲੀਅਮ ਟਰੈਕਟਰ ਦੀ ਲਾਗਤ ਦੇ ਇੱਕ ਹਿੱਸੇ 'ਤੇ 10 ਨਵੇਂ ਮੱਕੀ-ਆਧਾਰਤ ਗ੍ਰੀਨ ਈਥੀਲੀਨ ਕੰਪਲੈਕਸ ਬਣਾਈਏ ।

★ ਮੌਜੂਦਾ ਪੈਟਰੋਕੈਮੀਕਲ ਕਰੈਕਰਾਂ (ਆਈ. ਓ. ਸੀ., ਬੀ. ਪੀ. ਸੀ. ਐਲ., ਗੇਲ ਆਰ. ਆਈ. ਐਲ. (ਅਡਾਨੀ) ਨੂੰ ਪੈਟਰੋਲੀਅਮ ਐਲ. ਐਨ. ਜੀ. ਤੋਂ ਮੱਕੀ ਵਿੱਚ ਤਬਦੀਲ ਕਰਨਾ ।

★ ਮੱਕੀ ਦੇ ਉਤਪਾਦਨ ਨੂੰ ਇੱਕ ਰਾਸ਼ਟਰੀ ਮਿਸ਼ਨ ਐਲਾਨਿਆ ਜਾਵੇ ਅਤੇ ਗ੍ਰੀਨ ਹਾਈਡਰੋਜਨ ਮਿਸ਼ਨ ਦੇ ਬਰਾਬਰ ਤਰਜੀਹ ਵਾਲਾ ਸਮਰਥਨ ਦਿੱਤਾ ਜਾਵੇ ।

★ ਘਰੇਲੂ ਸਮਰੱਥਾ ਵਿੱਚ ਵਾਧਾ ਹੋਣ ਤੱਕ ਇੱਕ ਅਸਥਾਈ ਉਪਾਅ ਵਜੋਂ ਅੰਤਰਰਾਸ਼ਟਰੀ ਮੱਕੀ ਸਪਲਾਈ ਸਮਝੌਤੇ (ਬ੍ਰਾਜ਼ੀਲ, ਅਰਜਨਟੀਨਾ, ਯੂਕਰੇਨ, ਸੰਯੁਕਤ ਰਾਜ ਅਮਰੀਕਾ) ਸੁਰੱਖਿਅਤ ਹਨ ।

# ਸਵਾਲ ਕਿਸਾਨਾਂ ਦੇ ਜਵਾਬ ਮਾਹਿਰਾਂ ਦੇ

ਪੀ.ਏ.ਯੂ. ਦੇ ਮਾਹਿਰ : ਜਗਰੂਪ ਕੌਰ, ਉਪਿੰਦਰ ਸਿੰਘ ਸੰਧੂ ਅਤੇ ਮਹੇਸ਼ ਨਾਰੰਗ

**ਸਵਾਲ-1 : ਪਰਾਲੀ ਦੀ ਖੇਤ ਵਿੱਚ ਸੰਭਾਲ ਉਪਰੰਤ ਬੀਜੀ ਕਣਕ ਲਈ ਕਿਹੜੀਆਂ-ਕਿਹੜੀਆਂ ਕਿਸਮਾਂ ਢੁੱਕਵੀਆਂ ਹਨ ?**

**ਜਵਾਬ** : ਪਰਾਲੀ ਦੀ ਖੇਤ ਵਿੱਚ ਸੰਭਾਲ ਉਪਰੰਤ ਕਣਕ ਬੀਜਣ ਲਈ ਪੀ ਬੀ ਡਬਲਯੂ 869 ਕਿਸਮ ਨੂੰ ਤਰਜੀਹ ਦੇਣੀ ਚਾਹੀਦੀ ਹੈ ਕਿਉਂਕਿ ਇਸਦੇ ਦਾਣੇ ਬਾਕੀ ਕਿਸਮਾਂ ਨਾਲੋਂ ਮੋਟੇ ਹਨ ਅਤੇ ਪਰਾਲੀ ਵਿੱਚੋਂ ਜਲਦੀ ਪੁੰਗਾਰਾ ਮਾਰਦੇ ਹਨ । ਹਾਲਾਂਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਸਹੀ ਸਮੇਂ ਤੇ ਬੀਜੀਆਂ ਜਾਣ ਵਾਲੀਆਂ ਬਾਕੀ ਸਾਰੀ ਕਿਸਮਾਂ (ਪੀ ਬੀ ਡਬਲਯੂ 872, ਪੀ ਬੀ ਡਬਲਯੂ 826, ਪੀ ਬੀ ਡਬਲਯੂ 803, ਸੁਨਹਿਰੀ (ਪੀ ਬੀ ਡਬਲਯੂ 766), ਡੀ ਬੀ ਡਬਲਯੂ 222, ਡੀ ਬੀ ਡਬਲਯੂ 187, ਐਚ ਡੀ 3226, ਉੱਨਤ ਪੀ ਬੀ ਡਬਲਯੂ 343, ਉੱਨਤ ਪੀ ਬੀ ਡਬਲਯੂ 550, ਪੀ ਬੀ ਡਬਲਯੂ 725, ਪੀ ਬੀ ਡਬਲਯੂ 677 ਅਤੇ ਐਚ ਡੀ 3086) ਵੀ ਬਿਜਾਈ ਲਈ ਢੁੱਕਵੀਆਂ ਹਨ ।

**ਸਵਾਲ-2 : ਹੈਪੀ ਸੀਡਰ, ਸੁਪਰ ਸੀਡਰ ਜਾਂ ਪੀ ਏ ਯੂ ਸਮਾਰਟ ਸੀਡਰ ਨਾਲ ਕਣਕ ਦੀ ਬਿਜਾਈ ਲਈ ਬੀਜ ਦੀ ਮਾਤਰਾ ਅਤੇ ਢੁਕਵਾਂ ਸਮਾਂ ਕੀ ਹੈ ?**

**ਜਵਾਬ** : ਹੈਪੀ ਸੀਡਰ ਜਾਂ ਸੁਪਰ ਸੀਡਰ ਜਾਂ ਪੀ ਏ ਯੂ ਸਮਾਰਟ ਸੀਡਰ ਨਾਲ ਬਿਜਾਈ ਅਕਤੂਬਰ ਦੇ ਅਖੀਰਲੇ ਹਫ਼ਤੇ ਤੋਂ 15 ਨਵੰਬਰ ਤੱਕ ਮੁਕੰਮਲ ਕਰ ਲੈਣੀ ਚਾਹੀਦੀ ਹੈ । ਇਸ ਤਰ੍ਹਾਂ ਝੋਨੇ ਵਾਲੇ ਖੇਤ ਦੀ ਬਚੀ ਹੋਈ ਗਿੱਲ ਨੂੰ ਵੀ ਸਾਂਭਿਆ ਜਾ ਸਕਦਾ ਹੈ ਅਤੇ ਇਸ ਤੋਂ ਬਾਅਦ ਪਰਾਲੀ ਵਾਲੇ ਖੇਤ ਵਿੱਚ ਬਿਜਾਈ ਕਰਨ ਨਾਲ ਤਾਪਮਾਨ ਘਟਣ ਕਰਕੇ ਕਣਕ ਦੇ ਜੰਮ ਅਤੇ ਝਾੜ ਉੱਤੇ ਮਾੜਾ ਪ੍ਰਭਾਵ ਪੈਂਦਾ ਹੈ । ਪਰ ਯਾਦ ਰਹੇ ਜੇਕਰ ਝੋਨੇ ਦੀ ਫ਼ਸਲ ਵਿੱਚ ਗੁਲਾਬੀ ਸੁੰਡੀ ਜਾਂ ਸੈਨਿਕ ਸੁੰਡੀ ਦਾ ਹਮਲਾ ਹੋਵੇ ਤਾਂ ਕਣਕ ਦੀ ਬਿਜਾਈ ਅਕਤੂਬਰ ਵਿੱਚ ਨਾ ਕਰੋ । ਬਿਜਾਈ ਦੀ ਡੂੰਘਾਈ 1.5 ਤੋਂ 2.0 ਇੰਚ ਰੱਖੋ । ਉੱਨਤ ਪੀ ਬੀ ਡਬਲਯੂ 550 ਕਿਸਮ ਲਈ 50 ਕਿਲੋ ਬੀਜ ਪ੍ਰਤੀ ਏਕੜ ਅਤੇ ਬਾਕੀ ਸਾਰੀਆਂ ਕਿਸਮਾਂ ਲਈ 45 ਕਿਲੋ ਬੀਜ ਪ੍ਰਤੀ ਏਕੜ ਦੀ ਵਰਤੋਂ ਕਰੋ ।

**ਸਵਾਲ-3 : ਪਰਾਲੀ ਨੂੰ ਖੇਤ ਵਿੱਚ ਸੰਭਾਲ ਕੇ ਬੀਜੀ ਕਣਕ ਲਈ ਖਾਦ ਕਿੰਨੀ ਅਤੇ ਕਦੋਂ ਪਾਉਣੀ ਚਾਹੀਦੀ ਹੈ ?**

**ਜਵਾਬ** : ਬਿਜਾਈ ਵੇਲੇ 55 ਕਿਲੋ ਡੀ ਏ ਪੀ ਪ੍ਰਤੀ ਏਕੜ ਪੋਰੋ । ਬਾਅਦ ਵਿੱਚ 90 ਕਿਲੋ ਯੂਰੀਆ ਦੇ ਬਰਾਬਰ ਕਿਸ਼ਤਾਂ ਪਹਿਲੇ ਅਤੇ ਦੂਜੇ ਪਾਣੀ ਤੋਂ ਪਹਿਲਾਂ ਛੱਟੇ ਨਾਲ ਪਾਓ । ਯੂਰੀਆ ਪਾਉਣ ਤੋਂ ਤੁਰੰਤ ਬਾਅਦ ਪਾਣੀ ਜ਼ਰੂਰ ਲਾਓ । ਸੁਪਰ ਸੀਡਰ ਨਾਲ ਬੀਜੀ ਕਣਕ ਵਿੱਚ ਯੂਰੀਆ ਪਾਣੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਪਾਈ ਜਾ ਸਕਦੀ ਹੈ ।

**ਸਵਾਲ-4 : ਅਲੱਗ-ਅਲੱਗ ਤਰੀਕਿਆਂ ਨਾਲ ਪਰਾਲੀ ਸਾਂਭ ਕੇ ਬੀਜੀ ਕਣਕ ਵਿੱਚ ਨਦੀਨਾਂ ਦੀ ਰੋਕਥਾਮ ਕਿਵੇਂ ਕੀਤੀ ਜਾ ਸਕਦੀ ਹੈ ?**

**ਜਵਾਬ** : ਸੁਪਰ ਸੀਡਰ ਨਾਲ ਬੀਜੀ ਕਣਕ ਵਿੱਚ ਨਦੀਨਾਂ ਦੀ ਰੋਕਥਾਮ ਅਸੀਂ ਰਵਾਇਤੀ ਢੰਗ ਨਾਲ ਬੀਜੀ ਕਣਕ ਅਨੁਸਾਰ ਹੀ ਕਰ ਸਕਦੇ ਹਾਂ । ਹੈਪੀ ਸੀਡਰ ਨਾਲ ਬਿਜਾਈ ਕਰਨ ਤੋਂ ਪਹਿਲਾਂ 1.5 ਲਿਟਰ ਸਟੌਂਪ/ਦੋਸਤ/ਮਾਰਕਪੈਂਡੀ/ਪੈਂਡਾ/ਪੈਡਿਨ/ਬੰਕਰ/ਜ਼ਾਕੀਯਾਮਾਂ 30 ਈ ਸੀ (ਪੈਂਡੀਮੈਥਾਲਿਨ) ਜਾਂ 60 ਗ੍ਰਾਮ ਅਵਕੀਰਾ / ਮੋਸੀਜੀ 85 ਡਬਲਯੂ ਜੀ (ਪਾਈਰੋਕਸਾਸਲਫੋਨ) ਜਾਂ 1.0 ਲਿਟਰ ਪਲੇਟਫਾਰਮ 385 ਐਸ ਈ (ਪੈਂਡੀਮੈਥੇਲਿਨ + ਮੈਟਰੀਬਿਊਜ਼ਿਨ) ਜਾਂ 900 ਮਿਲੀਲਿਟਰ ਦਕਸ਼ ਪਲੱਸ 48 ਈ ਸੀ (ਪੈਂਡੀਮੈਥੇਲਿਨ + ਮੈਟਰੀਬਿਊਜ਼ਿਨ) ਪ੍ਰਤੀ ਏਕੜ ਦੇ ਹਿਸਾਬ ਨਾਲ ਯੂਰੀਆ ਵਿੱਚ ਮਿਲਾ ਕੇ ਛੱਟਾ ਦੇਣ ਨਾਲ ਗੁੱਲੀ ਡੰਡੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਪਲੇਟਫਾਰਮ ਅਤੇ ਦਕਸ਼ ਪਲੱਸ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਵੀ ਰੋਕਥਾਮ ਕਰਦੇ ਹਨ । ਨਦੀਨਾਂ ਦੇ ਉੱਗਣ ਤੋਂ ਬਾਅਦ ਉਹਨਾਂ ਦੀ ਰੋਕਥਾਮ ਕਰਨ ਲਈ ਸਿਫ਼ਾਰਸ਼ ਕੀਤੇ ਗਏ ਕਿਸੇ ਵੀ ਨਦੀਨ ਨਾਸ਼ਕ ਦੀ ਚੋਣ ਕਰ ਸਕਦੇ ਹਾਂ ।

**ਸਵਾਲ-5 : ਸਰਫੇਸ ਸੀਡਿੰਗ-ਕਮ-ਮਲਚਿੰਗ ਤਕਨੀਕ ਕੀ ਹੈ ?**

**ਜਵਾਬ** : ਇਸ ਤਕਨੀਕ ਵਿੱਚ ਕੰਬਾਈਨ ਨਾਲ ਝੋਨਾ ਵੱਢਣ ਤੋਂ ਬਾਅਦ ਕਣਕ ਦੇ ਬੀਜ ਅਤੇ ਮੁੱਢਲੀ ਖਾਦ ਦਾ ਇੱਕਸਾਰ ਛੱਟਾ ਦੇ ਦਿੱਤਾ ਜਾਂਦਾ ਹੈ । ਇਸ ਤੋਂ ਬਾਅਦ ਖੜ੍ਹੇ ਮੁੱਢਾਂ ਨੂੰ ਕੱਟਣ ਲਈ ਇੱਕ ਵਾਰ 4-5 ਇੰਚ ਉੱਚਾ ਰੱਖਕੇ ਕਟਰ-ਕਮ-ਸਪਰੈਡਰ ਚਲਾ ਦਿੱਤਾ ਜਾਂਦਾ ਹੈ ਅਤੇ ਬਾਅਦ ਵਿੱਚ ਪਾਣੀ ਲਾ ਦਿੱਤਾ ਜਾਂਦਾ ਹੈ । ਬਿਜਾਈ ਲਈ 45 ਕਿਲੋ ਸੋਧਿਆ ਹੋਇਆ ਬੀਜ ਅਤੇ 55 ਕਿਲੋ ਡੀ ਏ ਪੀ ਖਾਦ ਪ੍ਰਤੀ ਏਕੜ ਵਰਤੀ ਜਾਂਦੀ ਹੈ । ਸਮੇਂ ਸਿਰ ਕਣਕ ਦੀ ਬਿਜਾਈ ਲਈ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਸਾਂਭਣ ਦੀ ਇਹ ਸਸਤੀ ਅਤੇ ਸੌਖੀ ਤਕਨੀਕ ਹੈ । ਇਸ ਲਈ ਜ਼ਿਆਦਾ ਮਹਿੰਗੀਆਂ ਮਸ਼ੀਨਾਂ ਦੀ ਲੋੜ ਨਹੀਂ ਪੈਂਦੀ ਅਤੇ ਪੂਰੇ ਖੇਤ ਵਿੱਚ ਪਰਾਲੀ ਪਈ ਹੋਣ ਕਰਕੇ ਨਦੀਨ ਵੀ ਘੱਟ ਉੱਗਦੇ ਹਨ । ਬਿਜਾਈ 'ਪੀ.ਏ.ਯੂ. ਸਰਫੇਸ ਸੀਡਰ' ਮਸ਼ੀਨ ਨਾਲ ਨਾਲ ਵੀ ਕੀਤੀ ਜਾ ਸਕਦੀ ਹੈ ।

**ਸਵਾਲ-6 : ਕੀ ਪਰਾਲੀ ਖੇਤ ਵਿੱਚ ਸੰਭਾਲਣ ਨਾਲ ਖਾਦਾਂ ਦੀ ਬੱਚਤ ਹੁੰਦੀ ਹੈ ?**

**ਜਵਾਬ** : ਜਿੱਥੇ ਕਣਕ ਦੀ ਬਿਜਾਈ ਤਿੰਨ ਸਾਲਾਂ ਤੋਂ ਲਗਾਤਾਰ ਪਰਾਲੀ ਸਾਂਭ ਕੇ ਕੀਤੀ ਜਾ ਰਹੀ ਹੋਵੇ, ਉੱਥੇ ਚੌਥੇ ਸਾਲ ਤੋਂ ਕਣਕ ਵਿੱਚ 20 ਕਿਲੋ ਯੂਰੀਆ ਪ੍ਰਤੀ ਏਕੜ ਘੱਟ ਪਾਓ ਅਤੇ ਜਿੱਥੇ ਝੋਨੇ ਦੀ ਪਰਾਲੀ ਖੇਤ ਵਿੱਚ ਲਗਾਤਾਰ ਰੱਖੀ ਹੋਵੇ ਜਾਂ ਵਾਹੀ ਹੋਵੇ ਅਤੇ ਜੈਵਿਕ ਕਾਰਬਨ 'ਵੱਧ' ਸ਼੍ਰੇਣੀ ਵਿੱਚ ਆ ਜਾਵੇ ਉਨ੍ਹਾਂ ਖੇਤਾਂ ਵਿੱਚ ਕਣਕ ਦੀ ਬਿਜਾਈ ਵੇਲੇ 27 ਕਿਲੋ ਡੀ ਏ ਪੀ ਪ੍ਰਤੀ ਏਕੜ ਹੀ ਵਰਤੋਂ ।

**ਸਵਾਲ-7 : ਹੈਪੀ ਸੀਡਰ ਜਾਂ ਪੀ ਏ ਯੂ ਸਮਾਰਟ ਸੀਡਰ ਨਾਲ ਬੀਜੀ ਕਣਕ ਨੂੰ ਪਾਣੀ ਲਾਉਣ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇ ?**

**ਜਵਾਬ** : ਹੈਪੀ ਸੀਡਰ ਜਾਂ ਪੀ ਏ ਯੂ ਸਮਾਰਟ ਸੀਡਰ ਨਾਲ ਬੀਜੀ ਕਣਕ ਨੂੰ ਪਹਿਲੇ ਪਾਣੀ ਦੀ ਜ਼ਰੂਰਤ ਰਵਾਇਤੀ ਢੰਗ ਨਾਲ ਬੀਜੀ ਕਣਕ ਨਾਲੋਂ ਲੇਟ ਹੁੰਦੀ ਹੈ । ਹਲਕੀਆਂ ਜ਼ਮੀਨਾਂ ਵਿੱਚ ਪਹਿਲਾਂ ਪਾਣੀ ਤਕਰੀਬਨ 25-30 ਦਿਨ ਅਤੇ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ 30-35 ਦਿਨਾਂ ਤੱਕ ਲਾਇਆ ਜਾ ਸਕਦਾ ਹੈ । ਪਹਿਲਾ ਪਾਣੀ ਹਲਕਾ ਲਾਉਣਾ ਚਾਹੀਦਾ ਹੈ ਇਸ ਲਈ ਕਿਆਰੇ ਛੋਟੇ ਹੋਣੇ ਚਾਹੀਦੇ ਹਨ । ਬਾਕੀ ਪਾਣੀ ਬਿਜਾਈ ਦੇ ਸਮੇਂ ਅਤੇ ਲੋੜ ਮੁਤਾਬਿਕ ਲਗਾਉ ।

**ਸਵਾਲ-8 : ਪਰਾਲੀ ਦੀ ਖੇਤ ਵਿੱਚ ਸੰਭਾਲ ਉਪਰੰਤ ਬੀਜੀ ਕਣਕ ਵਿੱਚ ਗੁਲਾਬੀ ਸੁੰਡੀ ਦੀ ਰੋਕਥਾਮ ਕਿਵੇਂ ਕਰੀਏ ?**

**ਜਵਾਬ** : ਜੇਕਰ ਪਿਛਲੀ ਝੋਨੇ ਦੀ ਫ਼ਸਲ ਉੱਪਰ ਤਣੇ ਦੀ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਕਣਕ ਦੀ ਬਿਜਾਈ ਅਕਤੂਬਰ ਵਿੱਚ ਨਾ ਕਰੋ । ਦਿਨ ਸਮੇਂ ਪਾਣੀ ਲਗਾਉਣ ਨੂੰ ਤਰਜੀਹ ਦੇਵੋ ਤਾਂਕਿ ਪੰਛੀ ਵੱਧ ਤੋਂ ਵੱਧ ਸੁੰਡੀਆਂ ਦਾ ਸ਼ਿਕਾਰ ਕਰ ਸਕਣ । ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਮੋਰਟੈਲ/ਰੀਜੈਂਟ 0.3 ਜੀ (ਫਿਪਰੋਨਿਲ) ਜਾਂ 1 ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫ਼ਾਸ) ਨੂੰ 20 ਕਿਲੋ ਸਲਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਪਾਣੀ ਲਗਾਉਣ ਤੋਂ ਪਹਿਲਾਂ ਛੱਟਾ ਦੇਵੋ । ਇਸਦੀ ਰੋਕਥਾਮ 50 ਮਿਲੀਲਿਟਰ ਪ੍ਰਤੀ ਏਕੜ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ*) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਨੈਪਸੈਕ ਪੰਪ ਨਾਲ ਛਿੜਕਾਅ ਕਰਕੇ ਵੀ ਕੀਤੀ ਜਾ ਸਕਦੀ ਹੈ ।

**ਸਵਾਲ-9 : ਪਰਾਲੀ ਨੂੰ ਖੇਤ ਵਿੱਚ ਸੰਭਾਲ ਕੇ ਬੀਜੀ ਕਣਕ ਵਿੱਚ ਚੂਹਿਆਂ ਦੀ ਰੋਕਥਾਮ ਕਿਵੇਂ ਕਰੀਏ ?**

**ਜਵਾਬ** : ਕਣਕ ਦੀ ਬਿਜਾਈ ਝੋਨੇ ਦੀ ਪਰਾਲੀ ਖੇਤ ਵਿੱਚ ਸੰਭਾਲ ਕੇ ਕੀਤੇ ਖੇਤਾਂ ਵਿੱਚ ਚੂਹਿਆਂ ਦੀ ਗਿਣਤੀ ਅਤੇ ਨੁਕਸਾਨ ਜ਼ਿਆਦਾ ਹੁੰਦਾ ਹੈ । ਇਨ੍ਹਾਂ ਖੇਤਾਂ ਵਿੱਚ ਫ਼ਸਲ ਦੀ ਬਿਜਾਈ ਤੋਂ ਬਾਅਦ ਨਵੰਬਰ-ਦਸੰਬਰ ਦੌਰਾਨ 10-15 ਦਿਨਾਂ ਦੇ ਵਕਫ਼ੇ ਤੇ ਦੋ ਵਾਰੀ ਖੁੱਡਾਂ ਵਿੱਚ ਜ਼ਿੰਕ ਫ਼ਾਸਫ਼ਾਈਡ ਦਾ ਚੋਗ ਪਾਉ । ਇਸ ਤੋਂ ਬਾਅਦ ਅੱਧ ਫ਼ਰਵਰੀ ਤੋਂ ਸ਼ੁਰੂ ਮਾਰਚ ਦੌਰਾਨ ਜ਼ਿੰਕ ਫ਼ਾਸਫ਼ਾਈਡ ਜਾਂ ਬਰੋਮਾਡਾਇਲੋਨ ਵਾਲਾ ਚੋਗ 400 ਗ੍ਰਾਮ ਪ੍ਰਤੀ ਏਕੜ ਕਾਗਜ਼ ਦੇ ਟੁਕੜਿਆਂ ਉੱਪਰ ਰੱਖੋ । ਇਹ ਚੋਗ ਬਣਾਉਣ ਲਈ ਬਾਜਰਾ, ਜਵਾਰ ਜਾਂ ਕਣਕ ਦਾ ਦਰਾੜ ਜਾਂ ਇਨ੍ਹਾਂ ਸਾਰਿਆਂ ਅਨਾਜਾਂ ਦਾ ਮਿਸ਼ਰਣ 1 ਕਿਲੋ ਲਓ ਅਤੇ ਉਸ ਵਿੱਚ 20 ਗ੍ਰਾਮ ਖਾਣ ਵਾਲਾ ਤੇਲ, 20 ਗ੍ਰਾਮ ਪੀਸੀ ਖੰਡ ਅਤੇ 80% ਤਾਕਤ ਦਾ 25 ਗ੍ਰਾਮ ਜ਼ਿੰਕ ਫ਼ਾਸਫ਼ਾਈਡ ਪਾਊਡਰ ਜਾਂ 0.25% ਤਾਕਤ ਦਾ 20 ਗ੍ਰਾਮ ਬਰੋਮਾਡਾਇਲੋਨ ਪਾਊਡਰ ਪਾ ਕੇ ਚੰਗੀ ਤਰ੍ਹਾਂ ਮਿਲਾਓ ।

**ਸਵਾਲ-10 : ਪਰਾਲੀ ਦੀ ਸੰਭਾਲ ਲਈ ਮਸ਼ੀਨਾਂ ਦੀ ਵਰਤੋਂ ਸਮੇਂ ਕਿਹੜੀਆਂ ਗੱਲਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ?**

**ਜਵਾਬ** : ਹਮੇਸ਼ਾਂ ਮਸ਼ੀਨ ਦੇ ਫਾਲਿਆਂ ਦੇ ਹਿਸਾਬ ਨਾਲ ਟਰੈਕਟਰ ਦੀ ਹਾਰਸ ਪਾਵਰ ਦੀ ਚੋਣ ਕਰੋ । ਟਰੈਕਟਰ ਨੂੰ ਹੋਲੀ ਸਪੀਡ ਤੇ ਚਲਾਓ । ਬਿਜਾਈ ਸਮੇਂ ਟਰੈਕਟਰ ਨੂੰ ਖੇਤ ਵਿੱਚ ਚਲਾਉਣ ਤੋਂ ਪਹਿਲਾਂ ਪੀ.ਟੀ.ਓ. ਨੂੰ ਚਲਾਓ । ਬਿਜਾਈ ਤੋਂ ਪਹਿਲਾਂ ਘਸੇ ਹੋਏ ਬਲੇਡਾਂ ਨੂੰ ਬਦਲੋ, ਚੇਨਾਂ ਅਤੇ ਨਿੱਪਲਾਂ ਨੂੰ ਗਰੀਸ ਕਰੋ । ਬਿਜਾਈ ਸਮੇਂ ਖੇਤ ਵਿੱਚ ਕੂਲਾ ਵੱਤਰ ਹੋਣਾ ਚਾਹੀਦਾ ਹੈ । ਇਸ ਲਈ ਝੋਨੇ ਨੂੰ ਅਖੀਰਲਾ ਪਾਣੀ ਇਸ ਹਿਸਾਬ ਨਾਲ ਲਾਇਆ ਜਾਵੇ ਤਾਂ ਜੋ ਬਿਜਾਈ ਵੇਲੇ ਖੇਤ ਖੁਸ਼ਕ ਨਾ ਹੋਵੇ ।

**ਸਵਾਲ-11 : ਕੀ ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਕਣਕ ਦੇ ਝਾੜ ਤੇ ਕੋਈ ਮਾੜਾ ਅਸਰ ਪੈਂਦਾ ਹੈ ?**

**ਜਵਾਬ** : ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਕਣਕ ਦੇ ਝਾੜ ਤੇ ਕੋਈ ਮਾੜਾ ਅਸਰ ਤਾਂ ਨਹੀਂ ਪੈਂਦਾ । ਖੋਜ ਤਜ਼ਰਬਿਆਂ ਵਿੱਚ ਇਹ ਵੇਖਿਆ ਗਿਆ ਹੈ ਕਿ ਝੋਨੇ ਦੀ ਪਰਾਲੀ ਨੂੰ ਲਗਾਤਾਰ ਖੇਤ ਵਿੱਚ ਵਾਹੁਣ ਜਾਂ ਰੱਖਣ ਨਾਲ ਤਿੰਨ ਸਾਲਾਂ ਤੋਂ ਬਾਅਦ ਕਣਕ ਦੇ ਝਾੜ ਅਤੇ ਮਿੱਟੀ ਦੀ ਸਿਹਤ ਵਿੱਚ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ ।

**ਸਵਾਲ-12 : ਪਰਾਲੀ ਦੀ ਸੰਭਾਲ ਲਈ ਮਸ਼ੀਨਾਂ ਮਹਿੰਗੀਆਂ ਹਨ ਅਤੇ ਟਰੈਕਟਰ ਵੀ ਵੱਧ ਹਾਰਸਪਾਵਰ ਵਾਲਾ ਚਾਹੀਦਾ ਹੈ, ਕਿਸਾਨ ਕੀ ਕਰਨ ?**

**ਜਵਾਬ** : ਕਿਸਾਨ ਇਹ ਮਸ਼ੀਨਾਂ ਕਿਰਾਏ ਤੇ ਕੋਆਪਰੇਟਿਵ ਸੁਸਾਇਟੀਆਂ ਤੋਂ ਜਾਂ ਖੇਤੀ ਸੈਂਟਰਾਂ ਤੋਂ ਲੈ ਸਕਦੇ ਹਨ । ਦੂਸਰਾ ਕਿਸਾਨ ਵੀਰ ਗਰੁਪ ਬਣਾ ਕੇ ਜਾਂ ਸਾਂਝੇ ਤੌਰ ਤੇ ਇਹ ਮਸ਼ੀਨਾਂ ਖਰੀਦ ਸਕਦੇ ਹਨ ।



ਜਗਦੀਸ਼ ਬਹਾਦਰਪੁਰੀ
ਮੋਬਾਇਲ : 94639-85934

# ਚਾਰੋਂ ਪਾਸੇ ਗੰਦਗੀ ਦੀ ਹੋਈ ਭਰਮਾਰ

ਚਾਰੋਂ ਪਾਸੇ ਗੰਦਗੀ ਦੀ ਹੋਈ ਭਰਮਾਰ ।
ਜ਼ਿੰਦਗੀ ਬਚਾ ਕੇ ਕਿੱਥੇ ਭੱਜ ਜਾਈਏ ਯਾਰ ॥
ਲਾਪ੍ਰਵਾਹੀ ਇਹ ਹੁੰਦੀ ਨਾ ਸਹਾਰ ।
ਚਾਰੋਂ ਪਾਸੇ ਗੰਦਗੀ ਦੀ ਹੋਈ ਭਰਮਾਰ ॥

ਬੱਚੇ, ਬੁੱਢੇ, ਦੁੱਖੀ, ਸਾਹ ਆਉਂਦਾ ਨਹੀਂ ਸ਼ੁੱਧ ।
ਰੋਜ ਪ੍ਰਦੂਸ਼ਣ ਦੇ ਨਾਲ ਹੁੰਦਾ ਯੁੱਧ ।
ਆਪਣੀ ਹੀ ਮੌਤ ਦਾ ਸਮਾਨ ਹੈ ਤਿਆਰ ।
ਚਾਰੋਂ ਪਾਸੇ ਗੰਦਗੀ ਦੀ ਹੋਈ ਭਰਮਾਰ ॥

'ਗੰਦਗੀ ਦੇ ਤੋਹਫ਼ੇ' ਬਣੇ ਜ਼ਿੰਦਗੀ ਦੇ ਵੈਰੀ ਨੇ ।
ਅੰਨ, ਪਾਣੀ, ਹਵਾ ਇਹ ਧਰਤ ਹੋਏ ਜ਼ਹਿਰੀ ਨੇ ।
ਰੋਗ ਲਾਇਲਾਜ ਨਿੱਤ ਕਰਦੇ ਨੇ ਮਾਰ ।
ਚਾਰੋਂ ਪਾਸੇ ਗੰਦਗੀ ਦੀ ਹੋਈ ਭਰਮਾਰ ॥

ਹਵਾ ਵਿੱਚ ਧੂੰਆਂ, ਉੱਤੋਂ ਪਾਣੀ ਹੈ ਪਲੀਤ ।
ਰੋਗੀਆਂ ਦੇ ਵਾਂਗ ਦਿਨ, ਹੁੰਦਾ ਹੈ ਬਤੀਤ ।
ਆਦਮੀ, ਪਰਿੰਦੇ, ਪਸ਼ੂ, ਸੱਭ ਨੇ ਖੁਆਰ ।
ਚਾਰੋਂ ਪਾਸੇ ਗੰਦਗੀ ਦੀ ਹੋਈ ਭਰਮਾਰ ॥

ਜੀਰੀਆਂ, ਦੀਵਾਲੀਆਂ ਦਾ ਧੂੰਆਂ ਕਰੇ ਅੱਤ ।
ਗੱਡੀਆਂ, ਮਿੱਲਾਂ ਦਾ ਗੰਦ ਮਾਰ ਦਿੰਦੇ ਮੱਤ ।
ਗਰਜ਼ਾਂ ਦੇ ਰੋਣੇ ਕੋਈ ਸੋਚ ਨਾ ਵਿਚਾਰ ।
ਚਾਰੋਂ ਪਾਸੇ ਗੰਦਗੀ ਦੀ ਹੋਈ ਭਰਮਾਰ ॥

ਬਹਾਦਰਪੁਰੀ ! ਰਲ ਮਿਲ ਧਰਤੀ ਬਚਾ ਲਈਏ ।
ਥੋੜ੍ਹਾ ਕੁ ਸਵਾਰਥਾਂ ਨੂੰ ਸਾਰੇ ਨੱਥ ਪਾ ਲਈਏ ।
ਜਗਦੀਸ਼ ! ਨਹੀਂ ਹੋਣਾ ਸਾਰਿਆਂ ਸ਼ਿਕਾਰ ।
ਚਾਰੋਂ ਪਾਸੇ ਗੰਦਗੀ ਦੀ ਹੋਈ ਭਰਮਾਰ ॥

## ਠੇਕੇ 'ਤੇ ਪੰਜਾਬ : ਖੇਤੀ ਵਿੱਚੋਂ ਬਾਹਰ ਹੋਈ ਕਿਸਾਨੀ

# ਸਿਰਫ 39 ਫੀਸਦੀ ਕਿਸਾਨ ਹੀ ਆਪਣੀ ਜ਼ਮੀਨ 'ਤੇ ਕਰਦੇ ਨੇ ਖੇਤੀ

### ਕੇਂਦਰੀ ਅਨਾਜ ਖਰੀਦ ਪੋਰਟਲ ਦੇ ਤੱਥਾਂ ਤੋਂ ਹੋਇਆ ਖੁਲਾਸਾ

ਪੰਜਾਬ ਦੇ ਕੇਵਲ 39 ਫੀਸਦੀ ਕਿਸਾਨ ਹੀ ਆਪਣੀ ਜ਼ਮੀਨ 'ਤੇ ਖੇਤੀ ਕਰਦੇ ਹਨ, ਬਾਕੀ ਕਿਸਾਨੀ ਦੀ ਨਿਰਭਰਤਾ ਬਿਗਾਨੇ ਖੇਤਾਂ 'ਤੇ ਹੈ। ਪਿਤਾ ਪੁਰਖੀ ਧੰਦੇ ਵਿੱਚੋਂ ਕਿਸਾਨੀ ਜਗਤ ਦੀ ਅਗਲੀ ਪੀੜ੍ਹੀ ਬਾਹਰ ਹੋ ਰਹੀ ਹੈ। ਸੂਬੇ ਵਿੱਚ 41.31 ਫੀਸਦੀ ਕਿਸਾਨ ਠੇਕੇ 'ਤੇ ਜ਼ਮੀਨਾਂ ਲੈਂਦੇ ਹਨ।

ਕੇਂਦਰੀ ਅਨਾਜ ਖਰੀਦ ਪੋਰਟਲ ਅਨੁਸਾਰ ਝੋਨੇ ਦੇ ਸੀਜ਼ਨ ਵਿੱਚ 12.83 ਲੱਖ ਕਿਸਾਨਾਂ ਦੇ ਕੀਤੇ ਮੁਲਾਂਕਣ ਵਿੱਚ ਤੱਥ ਉਭਰੇ ਹਨ ਕਿ ਪੰਜਾਬ ਦੇ 4.98 ਲੱਖ (38.83 ਫੀਸਦੀ) ਕਿਸਾਨਾਂ ਨੇ ਆਪਣੀ ਜ਼ਮੀਨ 'ਤੇ ਖੇਤੀ ਕਰਕੇ ਫ਼ਸਲ ਦੀ ਵੇਚ-ਵੱਟਤ ਕੀਤੀ ਹੈ; ਆਪਣੀ/ਠੇਕੇ 'ਤੇ ਜ਼ਮੀਨ ਲੈ ਕੇ 5.30 ਲੱਖ (41.31 ਫੀਸਦੀ) ਕਿਸਾਨ ਖੇਤੀ ਕਰਦੇ ਹਨ। ਇਸੇ ਤਰ੍ਹਾਂ ਲੀਜ਼ 'ਤੇ ਜ਼ਮੀਨ ਲੈ ਕੇ 2.56 ਫੀਸਦੀ ਅਤੇ ਅਤੇ ਸ਼ੇਅਰਡ ਕਾਸ਼ਤ ਕਰਨ ਵਾਲੇ ਕਿਸਾਨ 17.31 ਫੀਸਦੀ ਹਨ। ਹਰਿਆਣਾ ਵਿੱਚ 77.86 ਫੀਸਦੀ ਕਿਸਾਨ ਖੁਦ ਆਪਣੀ ਜ਼ਮੀਨ 'ਤੇ ਹੀ ਖੇਤੀ ਕਰਦੇ ਹਨ; ਅਜਿਹੇ ਕਿਸਾਨ ਉੱਤਰ ਪ੍ਰਦੇਸ਼ ਵਿੱਚ 98.31 ਫੀਸਦੀ ਹਨ। ਝੋਨੇ ਦੀ



ਕਾਸ਼ਤ ਵਾਲੇ ਸੂਬਿਆਂ ਦੀ ਕੌਮੀ ਔਸਤ ਦੇਖੀਏ ਤਾਂ 79.68 ਫੀਸਦੀ ਕਿਸਾਨ ਆਪਣੀ ਜ਼ਮੀਨ 'ਤੇ ਹੀ ਖੇਤੀ ਕਰਦੇ ਹਨ।

ਪੰਜਾਬ ਦੀ ਠੇਕਾ ਖੇਤੀ ਦਾ ਬਾਜ਼ਾਰ ਚੌੜਾ ਹੋਣ ਲੱਗਿਆ ਹੈ। 2016-17 ਤੋਂ ਪੰਜਾਬੀ ਨੌਜਵਾਨ ਸਟੱਡੀ ਵੀਜ਼ੇ 'ਤੇ ਵਿਦੇਸ਼ ਉਡਾਰੀ ਮਾਰ ਰਹੇ ਹਨ, ਜਿਸ ਨੇ ਠੇਕੇ ਦੀ ਖੇਤੀ ਦਾ ਰਾਹ ਮੋਕਲਾ ਕੀਤਾ ਹੈ। ਚਾਰ ਜ਼ਿਲ੍ਹਿਆਂ ਵਿੱਚ 50 ਫੀਸਦੀ ਤੋਂ ਜ਼ਿਆਦਾ ਕਿਸਾਨ ਠੇਕੇ 'ਤੇ ਖੇਤੀ ਕਰਦੇ ਹਨ। ਪੋਰਟਲ ਅਨੁਸਾਰ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਜ਼ਿਲ੍ਹੇ ਵਿੱਚ ਸਭ ਤੋਂ ਵੱਧ 56.12 ਫੀਸਦੀ ਕਿਸਾਨ ਠੇਕੇ 'ਤੇ ਜ਼ਮੀਨਾਂ ਲੈਂਦੇ ਹਨ ਅਤੇ ਸਿਰਫ 35.61 ਫੀਸਦੀ ਕਿਸਾਨ ਹੀ ਖੁਦ ਕਾਸ਼ਤ ਕਰਦੇ ਹਨ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 50.81, ਜਲੰਧਰ ਵਿੱਚ 50.19 ਅਤੇ ਰੋਪੜ ਜ਼ਿਲ੍ਹੇ ਵਿੱਚ 50.46 ਫੀਸਦੀ ਕਿਸਾਨ ਠੇਕੇ ਦੀ ਜ਼ਮੀਨ 'ਤੇ ਖੇਤੀ ਕਰਦੇ ਹਨ। ਅਸਲ ਵਿੱਚ ਹੁਣ ਛੋਟੀ ਕਿਸਾਨੀ ਨੂੰ ਛੋਟੇ ਖੇਤ ਵਾਰਾ ਨਹੀਂ ਖਾਂਦੇ ਅਤੇ ਵੱਡੇ ਕਿਸਾਨਾਂ ਨੇ ਠੇਕੇ 'ਤੇ ਜ਼ਮੀਨਾਂ ਲੈ ਕੇ ਖੇਤੀ ਵਧਾ ਲਈ ਹੈ। 2011 ਦੀ ਜਨਗਣਨਾ ਅਨੁਸਾਰ ਸੂਬੇ ਵਿੱਚ 2 ਲੱਖ ਛੋਟੇ ਕਿਸਾਨ ਖੇਤੀ ਵਿੱਚੋਂ ਬਾਹਰ ਹੋਏ ਸਨ; ਦੇਸ਼ ਵਿੱਚ ਛੋਟੇ ਕਿਸਾਨਾਂ ਦੀ ਗਿਣਤੀ 11 ਕਰੋੜ ਤੋਂ ਵੱਧ ਕੇ 12 ਕਰੋੜ ਹੋ ਗਈ ਸੀ। ਪੰਜਾਬ ਵਿੱਚ ਆਮ ਜ਼ਮੀਨਾਂ ਦਾ ਠੇਕਾ ਪ੍ਰਤੀ ਏਕੜ 50 ਹਜ਼ਾਰ ਤੋਂ ਸ਼ੁਰੂ ਹੋ ਕੇ ਕਈ ਖਿੱਤਿਆਂ ਵਿੱਚ 80 ਹਜ਼ਾਰ ਤੋਂ ਪਾਰ ਕਰ ਗਿਆ ਹੈ। ਸੂਬੇ ਵਿੱਚ ਦੋ ਲੱਖ ਏਕੜ ਪੰਚਾਇਤੀ ਜ਼ਮੀਨ ਹੈ, ਜਿਸ ਤੋਂ ਐਤਕੀਂ 515 ਕਰੋੜ ਦੀ ਆਮਦਨ ਹੋਈ ਹੈ। ਪੰਚਾਇਤੀ ਜ਼ਮੀਨਾਂ ਦਾ ਔਸਤਨ ਠੇਕਾ ਪ੍ਰਤੀ ਏਕੜ 38,823 ਰੁਪਏ ਰਿਹਾ ਹੈ।

### ਖੇਤੀ ਮਸ਼ੀਨਰੀ ਦਾ ਆਕਾਰ ਵੱਡਾ : ਚੇਅਰਮੈਨ

ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਪ੍ਰੋ. ਸੁਖਪਾਲ ਸਿੰਘ ਨੇ ਕਿਹਾ ਕਿ ਸੂਬੇ ਵਿੱਚ ਖੇਤੀ ਮਸ਼ੀਨਰੀ ਦਾ ਵੱਡਾ ਆਕਾਰ ਛੋਟੇ ਖੇਤਾਂ ਵਿੱਚ ਫਿੱਟ ਨਹੀਂ ਬੈਠਦਾ। ਛੋਟੀਆਂ ਜੋਤਾਂ ਲਈ ਟਰੈਕਟਰ ਵਾਰਾ ਨਹੀਂ ਖਾਂਦਾ। ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਵੱਡੇ ਕਿਸਾਨ ਠੇਕੇ 'ਤੇ ਲੈਂਦੇ ਹਨ, ਕਿਉਂਕਿ ਵੱਡੇ ਕਿਸਾਨਾਂ ਦੀਆਂ ਬੱਝਵੀਆਂ ਲਾਗਤਾਂ ਵਿੱਚ ਕੋਈ ਵਾਧਾ ਨਹੀਂ ਹੁੰਦਾ।

### ਨਵੀਂ ਪੀੜ੍ਹੀ ਦੀ ਰੁਚੀ ਖੇਤੀ ਵਿੱਚ ਘਟੀ : ਘੁੰਮਣ

ਅਰਥ ਸ਼ਾਸਤਰੀ ਡਾ. ਆਰ. ਐਸ. ਘੁੰਮਣ ਆਖਦੇ ਹਨ ਕਿ ਖੇਤੀ ਮਸ਼ੀਨਰੀ ਦੀ ਬਹੁਤਾਤ ਕਰਕੇ ਕਿਸਾਨ ਜ਼ਮੀਨਾਂ ਠੇਕੇ 'ਤੇ ਲੈ ਕੇ ਕਾਸ਼ਤ ਕਰਦੇ ਹਨ, ਤਾਂ ਜੋ ਆਪਣੀ ਮਾਲਕੀ ਵਾਲੀ ਜ਼ਮੀਨ ਵਿੱਚ ਰਕਬਾ ਜੋੜ ਕੇ ਜ਼ਿਆਦਾ ਖੇਤੀ ਮਸ਼ੀਨਰੀ ਅਤੇ ਮਨੁੱਖੀ ਸ਼ਕਤੀ ਦੀ ਵਰਤੋਂ ਕੀਤੀ ਜਾ ਸਕੇ। ਪੰਜਾਬ ਦੀ ਕਿਸਾਨੀ ਦੀ ਅਗਲੀ ਪੀੜ੍ਹੀ ਖੇਤੀ ਵਿੱਚ ਦਿਲਚਸਪੀ ਗੁਆ ਬੈਠੀ ਹੈ, ਜਿਸ ਕਾਰਨ ਠੇਕੇ 'ਤੇ ਜ਼ਮੀਨਾਂ ਲੈਣ ਵਾਲੇ ਕਿਸਾਨ ਵਧੇ ਹਨ। ਉਨ੍ਹਾਂ ਦੇ 2018 ਦੇ ਅਧਿਐਨ ਮੁਤਾਬਕ 80 ਫੀਸਦੀ ਕਿਸਾਨ ਆਪਣੇ ਬੱਚਿਆਂ ਨੂੰ ਖੇਤੀ ਦੇ ਕੰਮ ਤੋਂ ਬਾਹਰ ਰੱਖਣਾ ਚਾਹੁੰਦੇ ਹਨ, ਕਿਉਂਕਿ ਖੇਤੀ ਲਾਹੇਵੰਦ ਧੰਦਾ ਨਹੀਂ ਰਹੀ।

## ਲਾ-ਨੀਨਾ ਦੇ ਅਸਰ ਨਾਲ ਇਸ ਵਾਰ ਪਵੇਗੀ ਕੜਾਕੇ ਦੀ ਠੰਢ

**★ ਆਈ. ਐਮ. ਡੀ. ਨੇ ਕਿਹਾ, ਆਮ ਨਾਲੋਂ ਦੋ ਡਿਗਰੀ ਹੇਠਾਂ ਜਾ ਸਕਦਾ ਹੈ ਦਸੰਬਰ ਵਿੱਚ ਰਾਤ ਦਾ ਤਾਪਮਾਨ ★ ਦਿੱਲੀ, ਪੰਜਾਬ, ਹਰਿਆਣਾ, ਯੂ. ਪੀ. ਅਤੇ ਰਾਜਸਥਾਨ ਵਿੱਚ ਠੰਢ ਦਾ ਅਸਰ ਸਭ ਤੋਂ ਜ਼ਿਆਦਾ ਰਹੇਗਾ**

ਭਾਰਤ ਵਿੱਚ ਇਸ ਵਾਰ ਸਰਦੀ ਦੇ ਤੇਵਰ ਤਿੱਖੇ ਰਹਿਣ ਦੇ ਸੰਕੇਤ ਮਿਲ ਰਹੇ ਹਨ। ਦਸੰਬਰ ਤੋਂ ਜਨਵਰੀ ਦਰਮਿਆਨ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਤਾਪਮਾਨ ਆਮ ਨਾਲੋਂ ਹੇਠਾਂ ਜਾ ਸਕਦਾ ਹੈ। ਇਸ ਦਾ ਮੁੱਖ ਕਾਰਨ ਲਾ-ਨੀਨਾ ਜਲਵਾਯੂ ਘਟਨਾ ਨੂੰ ਮੰਨਿਆ ਜਾ ਰਿਹਾ ਹੈ, ਜੋ ਪ੍ਰਸ਼ਾਂਤ ਮਹਾਸਾਗਰ ਵਿੱਚ ਸਮੁੰਦਰ ਦੀ ਸਤ੍ਹਾ ਦੇ ਤਾਪਮਾਨ ਵਿੱਚ ਕਮੀ ਨਾਲ ਬਣਦੀ ਹੈ। ਇਸ ਦੇ ਪ੍ਰਭਾਵ ਨਾਲ ਠੰਢੀਆਂ ਹਵਾਵਾਂ ਜ਼ਿਆਦਾ ਸਰਗਰਮ ਹੋ ਜਾਂਦੀਆਂ ਹਨ ਅਤੇ ਉੱਤਰੀ ਭਾਰਤ ਵਿੱਚ ਸੀਤ ਲਹਿਰ ਦਾ ਅਸਰ ਲੰਬਾ ਖਿੱਚਦਾ ਹੈ।

ਭਾਰਤੀ ਮੌਸਮ ਵਿਭਾਗ (ਆਈ. ਐਮ. ਡੀ.) ਦਾ ਅਨੁਮਾਨ ਹੈ ਕਿ ਦਸੰਬਰ ਵਿੱਚ ਰਾਤ ਦਾ ਤਾਪਮਾਨ ਆਮ ਨਾਲੋਂ ਦੋ ਡਿਗਰੀ ਸੈਲਸੀਅਸ ਤੱਕ ਹੇਠਾਂ ਜਾ ਸਕਦਾ ਹੈ। ਦਿੱਲੀ, ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਿੱਚ ਠੰਢ ਦਾ ਅਸਰ ਸਭ ਤੋਂ ਵੱਧ ਮਹਿਸੂਸ ਹੋਵੇਗਾ। ਜੰਮੂ-ਕਸ਼ਮੀਰ, ਹਿਮਾਚਲ ਅਤੇ ਉੱਤਰਾਖੰਡ ਵਿੱਚ ਬਰਫਬਾਰੀ ਕਾਰਨ ਮੈਦਾਨੀ ਇਲਾਕਿਆਂ ਵਿੱਚ ਠੰਢੀਆਂ ਹਵਾਵਾਂ ਅਤੇ ਧੁੰਦ ਵਧੇਗੀ। ਆਈ. ਐਮ. ਡੀ. ਨੇ ਚੇਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਆਉਣ ਵਾਲੇ ਦੋ ਮਹੀਨਿਆਂ ਵਿੱਚ ਸੰਘਣੀ ਧੁੰਦ, ਸੀਤ ਲਹਿਰ ਅਤੇ ਘੱਟੋ-ਘੱਟ ਤਾਪਮਾਨ ਵਿੱਚ ਤੇਜ਼ ਗਿਰਾਵਟ ਦੇਖਣ ਨੂੰ ਮਿਲ ਸਕਦੀ ਹੈ। ਮੌਸਮ ਮਾਹਰਾਂ ਦਾ ਕਹਿਣਾ ਹੈ ਕਿ ਲਾ-ਨੀਨਾ ਦੀ ਸਥਿਤੀ ਨਵੰਬਰ ਤੋਂ ਜਨਵਰੀ ਤੱਕ ਬਣੀ ਰਹਿ ਸਕਦੀ ਹੈ। ਸਕਾਈਮੇਟ ਵੈਦਰ ਸਰਵਿਸ ਮੁਤਾਬਕ, ਇਹ ਲਾ-ਨੀਨਾ ਕਮਜ਼ੋਰ ਹੋਵੇਗਾ ਪਰ ਠੰਢ ਦੀ ਤੀਬਰਤਾ 'ਤੇ ਇਸ ਦਾ ਅਸਰ ਸਪੱਸ਼ਟ ਹੋਵੇਗਾ। ਮੌਸਮ ਵਿਭਾਗ ਮੁਤਾਬਕ, ਬੁੱਧਵਾਰ ਤੋਂ ਅਗਲੇ ਤਿੰਨ-ਚਾਰ ਦਿਨਾਂ ਤੱਕ ਮੱਧ ਪ੍ਰਦੇਸ਼, ਦੱਖਣੀ ਹਰਿਆਣਾ, ਉੱਤਰੀ-ਪੂਰਬੀ ਰਾਜਸਥਾਨ ਅਤੇ ਛੱਤੀਸਗੜ੍ਹ ਦੇ ਕੁਝ ਹਿੱਸਿਆਂ ਵਿੱਚ ਸੀਤ ਲਹਿਰ ਦੀ ਸਥਿਤੀ ਬਣੀ ਰਹਿ ਸਕਦੀ ਹੈ।

### ਛੇਤੀ ਆਈ ਠੰਢ, ਫਰਵਰੀ ਤੱਕ ਬਣਿਆ ਰਹੇਗਾ ਅਸਰ

ਆਮ ਤੌਰ 'ਤੇ ਮੌਨਸੂਨ ਦੌਰਾਨ ਲਾ-ਨੀਨਾ ਦੇ ਅਸਰ ਕਾਰਨ ਜ਼ਿਆਦਾ ਬਾਰਿਸ਼ ਹੁੰਦੀ ਹੈ, ਪਰ ਸਰਦੀਆਂ ਵਿੱਚ ਇਹ ਠੰਢੀਆਂ ਹਵਾਵਾਂ ਨੂੰ ਹੋਰ ਤੇਜ਼ ਕਰ ਦਿੰਦਾ ਹੈ। ਮੌਸਮ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਵਾਰ ਠੰਢ ਛੇਤੀ ਆਈ ਹੈ ਅਤੇ ਇਸ ਦਾ ਅਸਰ ਫਰਵਰੀ ਤੱਕ ਬਣਿਆ ਰਹੇਗਾ।

### ਪੰਜਾਬ ਵਿੱਚ ਦਿਸਿਆ ਅਸਰ, 8 ਡਿਗਰੀ 'ਤੇ ਪੁੱਜਾ ਪਾਰਾ

ਠੰਢ ਦਾ ਅਸਰ ਪੰਜਾਬ ਵਿੱਚ ਦਿਖਾਈ ਦੇਣ ਲੱਗਾ ਹੈ। ਮੰਗਲਵਾਰ ਨੂੰ ਪਠਾਨਕੋਟ ਸਭ ਤੋਂ ਠੰਢਾ ਰਿਹਾ, ਜਿੱਥੇ ਘੱਟ ਤੋਂ ਘੱਟ ਤਾਪਮਾਨ ਅੱਠ ਡਿਗਰੀ 'ਤੇ ਪੁੱਜ ਗਿਆ, ਜੋ ਆਮ ਨਾਲੋਂ ਤਿੰਨ ਡਿਗਰੀ ਘੱਟ ਹੈ। ਇਸੇ ਤਰ੍ਹਾਂ ਗੁਰਦਾਸਪੁਰ, ਫਰੀਦਕੋਟ ਅਤੇ ਬਠਿੰਡਾ ਵਿੱਚ 8.8, ਲੁਧਿਆਣਾ, ਅੰਮ੍ਰਿਤਸਰ, ਫਿਰੋਜ਼ਪੁਰ, ਚੰਡੀਗੜ੍ਹ, ਪਟਿਆਲਾ ਅਤੇ ਹੁਸ਼ਿਆਰਪੁਰ ਵਿੱਚ ਘੱਟ ਤੋਂ ਘੱਟ ਤਾਪਮਾਨ ਨੌਂ ਡਿਗਰੀ ਸੈਲਸੀਅਸ ਰਿਹਾ।

# ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਸੰਕਟ ਗੰਭੀਰ

**★ ਸੂਬਾ ਹਰ ਸਾਲ 8.47 ਅਰਬ ਕਿਊਸਕ ਮੀਟਰ ਧਰਤੀ ਹੇਠਲੇ ਪਾਣੀ ਦਾ ਸਹਿ ਰਿਹੈ ਘਾਟਾ ★ ਧਰਤੀ ਵਿੱਚੋਂ 27.66 ਅਰਬ ਕਿਊਸਿਕ ਮੀਟਰ ਪਾਣੀ ਕੱਢਣ ਦੇ ਮੁਕਾਬਲੇ ਰੀਚਾਰਜ ਸਿਰਫ 19.19 ਅਰਬ ਕਿਊਸਿਕ ਮੀਟਰ**

ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਸੰਕਟ ਗੰਭੀਰ ਹੁੰਦਾ ਜਾ ਰਿਹਾ ਹੈ। ਪੰਜਾਬ ਹਰ ਸਾਲ 8.47 ਅਰਬ ਕਿਊਸਕ ਮੀਟਰ ਧਰਤੀ ਹੇਠਲੇ ਪਾਣੀ ਦਾ ਘਾਟਾ ਸਹਿ ਰਿਹਾ ਹੈ। ਇਹ ਉਹ ਪਾਣੀ ਹੈ, ਜੋ ਧਰਤੀ ਵਿੱਚ ਵਾਪਸ ਨਹੀਂ ਜਾ ਰਿਹਾ, ਸਗੋਂ ਹਮੇਸ਼ਾ ਲਈ ਖਤਮ ਹੋ ਰਿਹਾ ਹੈ। ਇਹ ਜਲ ਸੁਰੱਖਿਆ ਉੱਤੇ ਇੱਕ ਵੱਡੀ 'ਓਵਰਡਰਾਫਟਿੰਗ' ਹੈ। ਹਾਲਾਂਕਿ ਸਰਕਾਰ ਨੇ ਇਹ ਕਹਿ ਕੇ ਗੱਲ ਨੂੰ ਥੋੜ੍ਹਾ ਹਲਕਾ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ 42.5 ਫੀਸਦੀ ਨਿਗਰਾਨੀ ਅਧੀਨ ਖੂਹਾਂ ਵਿੱਚ ਪਾਣੀ ਦਾ ਪੱਧਰ 0-10 ਮੀਟਰ ਦੇ ਦਾਇਰੇ ਵਿੱਚ ਹੈ, ਜਿਸ ਦਾ ਮਤਲਬ ਹੈ ਕਿ 57.5 ਫੀਸਦੀ ਖੂਹਾਂ ਵਿੱਚ ਪਾਣੀ 10 ਮੀਟਰ (ਲਗਭਗ 33 ਫੁੱਟ) ਤੋਂ ਵੀ ਵੱਧ ਹੇਠਾਂ ਜਾ ਚੁੱਕਾ ਹੈ, ਜੋ ਕਿ ਡੂੰਘੇ ਹੋ ਰਹੇ ਸੰਕਟ ਦਾ ਅਸਲ ਸੂਚਕ ਹੈ। ਦੂਜੇ ਪਾਸੇ ਕੇਂਦਰ ਸਰਕਾਰ ਨੇ ਅਧਿਕਾਰਿਤ ਤੌਰ 'ਤੇ ਸੰਸਦ ਦੇ ਰਿਕਾਰਡ 'ਤੇ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਸੰਕਟ ਨੂੰ ਸਿੱਧੇ ਤੌਰ 'ਤੇ ਕਿਸਾਨਾਂ ਲਈ ਮੁਫ਼ਤ ਬਿਜਲੀ ਨੀਤੀ ਨਾਲ ਜੋੜ ਦਿੱਤਾ ਹੈ। ਓਧਰ ਸਰਕਾਰ ਵੱਲੋਂ ਬਣਾਏ ਗਏ ਮਾਸਟਰ ਪਲਾਨ ਅਤੇ ਯੋਜਨਾਵਾਂ ਜ਼ਮੀਨੀ ਹਕੀਕਤ ਨਾਲ ਮੇਲ ਨਹੀਂ ਖਾਂਦੀਆਂ। ਕੇਂਦਰ ਸਪੱਸ਼ਟ ਤੌਰ 'ਤੇ ਕਹਿ ਰਿਹਾ ਹੈ ਕਿ ਜਦੋਂ ਤੱਕ ਪੰਜਾਬ ਮੁਫ਼ਤ ਬਿਜਲੀ 'ਤੇ ਮੁੜ ਵਿਚਾਰ ਨਹੀਂ ਕਰਦਾ ਅਤੇ ਪਾਣੀ ਦੀ ਕੀਮਤ ਤੈਅ ਨਹੀਂ ਕਰਦਾ, ਉਦੋਂ ਤੱਕ ਸੰਕਟ ਦਾ ਹੱਲ ਨਹੀਂ ਹੋ ਸਕਦਾ। ਰਿਪੋਰਟ ਅਨੁਸਾਰ 27.66 ਅਰਬ ਕਿਊਸਿਕ ਮੀਟਰ ਪਾਣੀ ਧਰਤੀ ਹੇਠੋਂ ਕੱਢਿਆ ਜਾ ਰਿਹਾ ਹੈ, ਜਦੋਂਕਿ ਕੁਦਰਤੀ ਰੀਚਾਰਜ ਸਿਰਫ 19.19 ਅਰਬ ਕਿਊਸਿਕ ਮੀਟਰ ਹੈ। ਕੇਂਦਰ ਜਲ ਸ਼ਕਤੀ ਮੰਤਰਾਲੇ ਵੱਲੋਂ 27 ਮਾਰਚ, 2025 ਨੂੰ ਪੇਸ਼ ਕੀਤੇ ਗਏ ਅੰਕੜੇ ਸਿਰਫ ਚਿੰਤਾਜਨਕ ਹੀ ਨਹੀਂ, ਸਗੋਂ ਡਰਾਉਣੇ ਵੀ ਹਨ। ਪੰਜਾਬ ਹਰ ਸਾਲ ਆਪਣੇ 0 ਪਾਣੀ ਦੇ ਬੈਂਕ ਅਕਾਊਂਟ 0 ਵਿੱਚੋਂ ਜਿੰਨਾ ਜਮ੍ਹਾਂ ਕਰ ਰਿਹਾ ਹੈ, ਉਸ ਤੋਂ ਕਿਤੇ ਵੱਧ ਕੱਢ



ਰਿਹਾ ਹੈ। ਸਰਕਾਰ ਨੇ ਤੁਪਕਾ ਸਿੰਚਾਈ ਨੂੰ ਉਤਸ਼ਾਹਿਤ ਕਰਨ ਵਾਲੀ 0 ਪਰ ਡ੍ਰੌਪ ਮੋਰ ਕ੍ਰੌਪ 0 ਯੋਜਨਾ ਲਿਆਂਦੀ ਸੀ, ਜਿਸ ਦਾ ਮਕਸਦ ਖੇਤ ਪੱਧਰ 'ਤੇ ਪਾਣੀ ਦੀ ਕੁਸ਼ਲਤਾ ਵਧਾਉਣਾ ਹੈ, ਪਰ ਲਗਭਗ 9 ਸਾਲਾਂ ਵਿੱਚ ਪੰਜਾਬ ਇਸ ਯੋਜਨਾ ਤਹਿਤ ਸਿਰਫ 15173 ਹੈਕਟੇਅਰ ਰਕਬਾ ਹੀ ਕਵਰ ਕਰ ਸਕਿਆ ਹੈ, ਜਦੋਂਕਿ ਕੁੱਲ ਖੇਤੀਯੋਗ ਰਕਬਾ ਲਗਭਗ 40 ਲੱਖ ਹੈਕਟੇਅਰ ਦੱਸਿਆ ਜਾਂਦਾ ਹੈ। ਇੱਕ ਮਾਸਟਰ ਪਲਾਨ ਤਹਿਤ ਪੰਜਾਬ ਰਾਜ ਲਈ ਲਗਭਗ 11 ਲੱਖ ਮੀਂਹ ਦੇ ਪਾਣੀ ਦੀ ਸੰਭਾਲ ਲਈ ਅਤੇ ਨਕਲੀ ਰੀਚਾਰਜ ਢਾਂਚੇ ਬਣਾਉਣ ਦੀ ਸਿਫਾਰਿਸ਼ ਕੀਤੀ ਗਈ। ਇਨ੍ਹਾਂ ਢਾਂਚਿਆਂ ਰਾਹੀਂ 1.2 ਅਰਬ ਕਿਊਸਿਕ ਮੀਟਰ ਪਾਣੀ ਨੂੰ ਸੁਰੱਖਿਅਤ ਕਰਨ ਦਾ ਅਨੁਮਾਨ ਹੈ। ਮਿਸ਼ਨ ਅੰਮ੍ਰਿਤ ਸਰੋਵਰ ਤਹਿਤ 75 ਜਲ ਸਰੋਤਾਂ ਨੂੰ ਵਿਕਸਿਤ ਕਰਨ ਦਾ ਟੀਚਾ ਸੀ ਅਤੇ ਇਸ ਮਿਸ਼ਨ ਤਹਿਤ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚ 1450 ਅੰਮ੍ਰਿਤ ਸਰੋਵਰ ਬਣਾਏ/ਮੁੜ ਸੁਰਜੀਤ ਕੀਤੇ ਗਏ। ਸਰਕਾਰ ਦਾ ਦਾਅਵਾ ਹੈ ਕਿ ਰਾਸ਼ਟਰੀ ਨਦੀ ਸੰਭਾਲ ਯੋਜਨਾ ਤਹਿਤ ਪੰਜਾਬ ਵਿੱਚ ਸਤਲੁਜ, ਬਿਆਸ ਅਤੇ ਘੱਗਰ ਨਦੀਆਂ ਦੇ ਪ੍ਰਦੂਸ਼ਣ ਨੂੰ ਘੱਟ ਕਰਨ ਲਈ 774.44 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਅਤੇ 663.20 ਮਿਲੀਅਨ ਲੀਟਰ ਸੀਵਰੇਜ ਟਰੀਟਮੈਂਟ ਸਮਰੱਥਾ ਬਣਾਈ ਗਈ, ਪਰ ਨਦੀਆਂ ਨੂੰ ਸਾਫ਼ ਕਰਨ ਨਾਲ ਧਰਤੀ ਹੇਠਲਾ ਪਾਣੀ ਆਪਣੇ ਆਪ ਉਪਰ ਨਹੀਂ ਆਵੇਗਾ। ਇਸ ਮਾਮਲੇ ਸੰਬੰਧੀ ਢੁੱਕਵੇਂ ਫੈਸਲੇ ਲੈਣ ਦੀ ਲੋੜ ਹੈ।

RNI/PUNPUN00806 (42269/83) Postage Registered No. PB/PTA/0338/2025-2027

### ਸਕੇ ਭਰਾਵਾਂ ਦੀ ਜੋੜੀ ਬਾਣੀ ਕਿਸਾਨਾਂ ਲਈ ਪ੍ਰੇਰਣਾ ਸ੍ਰੋਤ

# ਬਿਨਾਂ ਪਰਾਲੀ ਨੂੰ ਅੱਗ ਲਗਾਏ ਹੈਪੀ ਸੀਡਰ ਨਾਲ ਕੀਤੀ ਕਣਕ ਦੀ ਬਿਜਾਈ

ਬਲਾਕ ਫਾਜ਼ਿਲਕਾ ਦੇ ਪਿੰਡ ਮੁੰਬੇਕਾ ਦੇ ਅਗਾਂਹਵਧੂ ਕਿਸਾਨ ਬਲਵਿੰਦਰ ਸਿੰਘ ਤੇ ਤਰਸੇਮ ਸਿੰਘ ਬਾਠ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾ ਕੇ ਵੱਖ ਵੱਖ ਸੰਦਾ ਦੀ ਮਦਦ ਨਾਲ ਖੇਤ ਵਿੱਚ ਵਾਹ ਕੇ ਕਣਕ ਦੀ ਬਿਜਾਈ ਕਰ ਰਹੇ ਹਨ। ਕਿਸਾਨ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਲਗਭਗ 50 ਏਕੜ ਜ਼ਮੀਨ ਤੇ ਖੇਤੀ ਕਰਦੇ ਹਨ ਤੇ ਇਸ ਵਾਰ ਉਨ੍ਹਾਂ ਝੋਨੇ ਦੀ ਕਟਾਈ ਐੱਸ.ਐੱਮ.ਐੱਸ ਵਾਲੀ ਕੰਬਾਈਨ ਨਾਲ ਕਰਵਾਉਣ ਤੋਂ ਬਾਅਦ ਕਣਕ ਦੀ ਬਿਜਾਈ ਹੈਪੀ ਸੀਡਰ ਨਾਲ ਕਰ ਦਿੱਤੀ। ਇਸ ਤਰੀਕੇ ਨਾਲ ਇਹ ਕਿਸਾਨ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਦੇ ਲਗਾਤਾਰ ਉਪਰਾਲੇ ਕਰ ਰਹੇ ਹਨ ਤੇ ਹੋਰਨਾਂ ਕਿਸਾਨਾਂ ਨੂੰ ਵੀ ਪ੍ਰੇਰਿਤ ਕਰ ਰਹੇ ਹਨ।

ਕਿਸਾਨ ਬਲਵਿੰਦਰ ਸਿੰਘ ਨੇ ਕਿਹਾ ਕਿ ਪਿਛਲੇ ਅੱਠ ਸਾਲ ਤੋਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਉਂਦੇ। ਕਿਸਾਨ ਨੇ ਕਿਹਾ ਕਿ ਅਜਿਹਾ ਕਰਨ ਨਾਲ ਉਸ ਦੀ ਜਮੀਨ ਦੀ ਹਾਲਤ ਵੀ ਸੁਧਰੀ ਹੈ ਤੇ ਅਗਲੀ ਫਸਲ ਦਾ ਝਾੜ ਵੀ ਵਧਿਆ ਹੈ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਖੇਤੀਬਾੜੀ ਵਿਭਾਗ ਦੇ ਤਾਲਮੇਲ ਵਿੱਚ ਹਨ ਤੇ ਖੇਤੀਬਾੜੀ



ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਕੇ ਆਧੁਨਿਕ ਖੇਤੀਬਾੜੀ ਸੰਦਾਂ ਦੀ ਮਦਦ ਨਾਲ ਫਸਲ ਦੀ ਬਿਜਾਈ ਕਰਦੇ ਹਨ ਤੇ ਵੱਧ ਝਾੜ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਜ਼ਿਲ੍ਹੇ ਦੇ ਹੋਰਨਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਸਗੋਂ ਆਧੁਨਿਕ ਖੇਤੀਬਾੜੀ ਸੰਦਾਂ ਦੀ ਮਦਦ ਨਾਲ ਜਮੀਨ ਵਿੱਚ ਜਜਬ ਕਰਕੇ ਅਗਲੀ ਫਸਲ ਬੀਜਣ।

ਇਸ ਮੌਕੇ ਖੇਤੀਬਾੜੀ ਵਿਭਾਗ ਵੱਲੋਂ ਬੀ.ਟੀ.ਐੱਮ ਰਾਜਦਵਿੰਦਰ ਸਿੰਘ ਤੇ ਸਰਕਲ ਇੰਚਾਰਜ ਸੁਖਦੀਪ ਸਿੰਘ ਨੇ ਦੱਸਿਆ ਕਿ ਉਹ ਲਗਾਤਾਰ ਕਿਸਾਨਾਂ ਨੂੰ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕਰ ਰਹੇ ਹਨ ਜਿਸ ਸਦਕਾ ਕਿਸਾਨ ਬਲਵਿੰਦਰ ਸਿੰਘ ਬਾਠ ਆਪਣੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਉਂਦਾ ਅਤੇ ਹੋਰ ਵੀ ਕਈ ਕਿਸਾਨ ਵੀ ਆਪਣੀ ਝੋਨੇ ਦੀ ਪਰਾਲੀ ਨੂੰ ਅੱਗ ਨਹੀ ਲਗਾਉਂਦੇ। ਉਨ੍ਹਾਂ ਨੇ ਕਿਹਾ ਕਿ ਅੱਜ ਉਨ੍ਹਾਂ ਅਗਾਂਹਵਧੂ ਕਿਸਾਨ ਦੇ ਖੇਤ ਦਾ ਦੌਰਾ ਕੀਤਾ ਤਾਂ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ ਕਿ ਕਿਸਾਨ ਬਲਵਿੰਦਰ ਸਿੰਘ ਵਾਤਾਵਰਨ ਦਾ ਰਾਖਾ ਬਣਕੇ ਪਰਾਲੀ ਨੂੰ ਬਿਲਾਂ ਸਾੜੇ ਖੇਤ ਵਿੱਚ ਵਹਾ ਕੇ ਕਣਕ ਦੀ ਬਿਜਾਈ ਕਰ ਰਿਹਾ ਹੈ। ਉਨ੍ਹਾਂ ਦਸਿਆ ਕਿ ਪਰਾਲੀ ਨੂੰ ਸਾੜਨ ਨਾਲ ਵਾਤਾਵਰਣ ਵੀ ਦੂਸ਼ਿਤ ਹੁੰਦਾ ਹੈ ਜਿਸ ਨਾਲ ਮਨੁਖੀ ਸਿਹਤ ਉਤੇ ਮਾੜਾ ਅਸਰ ਪੈਂਦਾ ਹੈ ਇਸ ਲਈ ਸਾਨੂੰ ਪਰਾਲੀ ਨੂੰ ਨਹੀਂ ਸਾੜਨਾ ਚਾਹੀਦਾ। ਸਰਕਾਰ ਵੱਲੋਂ ਪਰਾਲੀ ਦੀ ਸਾਂਭ ਸੰਭਾਲ ਲਈ ਵੱਖ-ਵੱਖ ਮਸ਼ੀਨਾਂ ਸਬਸਿਡੀ ਉਤੇ ਮੁਹੱਈਆ ਕਰਵਾਈਆਂ ਗਈਆਂ ਹਨ ਜਿਨ੍ਹਾਂ ਨੂੰ ਵਰਤ ਕੇ ਪਰਾਲੀ ਦਾ ਪ੍ਰਬੰਧਨ ਕੀਤਾ ਜਾ ਸਕਦਾ ਹੈ।

## ਕਪਾਹ ਉਤਪਾਦਨ ਵਿੱਚ 2 ਫੀਸਦੀ ਦੀ ਗਿਰਾਵਟ, ਦਰਾਮਦ ਰਿਕਾਰਡ ਪੱਧਰ 'ਤੇ ਪੁੱਜਣ ਦੀ ਉਮੀਦ

ਭਾਰੀ ਮੀਂਹ, ਹੜ੍ਹ ਅਤੇ ਚੱਕਰਵਾਤ 'ਮੋਂਥਾ' ਦੇ ਅਸਰ ਨਾਲ ਦੇਸ਼ ਵਿੱਚ ਕਪਾਹ ਉਤਪਾਦਨ ਘਟਣ ਦਾ ਖਦਸ਼ਾ ਹੈ। ਇੰਡੀਅਨ ਕਾਟਨ ਐਸੋਸੀਏਸ਼ਨ (ਸੀ. ਏ. ਆਈ.) ਅਨੁਸਾਰ 2025-26 ਸੀਜ਼ਨ ਵਿੱਚ ਉਤਪਾਦਨ ਘੱਟ ਕੇ 305 ਲੱਖ ਗੰਢ ਰਹਿਣ ਦਾ ਅੰਦਾਜ਼ਾ ਹੈ, ਜਦੋਂਕਿ ਪਿਛਲੇ ਸਾਲ ਇਹ 312 ਲੱਖ ਗੰਢ ਸੀ।

ਹਾਲਾਂਕਿ ਦਰਾਮਦ ਵਿੱਚ ਭਾਰੀ ਵਾਧੇ ਕਾਰਨ ਕੁੱਲ ਸਪਲਾਈ ਵਧਣ ਦੀ ਉਮੀਦ ਹੈ। ਅਕਤੂਬਰ-ਦਸੰਬਰ 2025 ਵਿਚਾਲੇ ਲਗਭਗ 30 ਲੱਖ ਗੰਢਾਂ ਕਪਾਹ ਦੀਆਂ ਦਰਾਮਦ ਦੀ ਸੰਭਾਵਨਾ ਹੈ, ਜੋ ਪਿਛਲੇ ਸਾਲ ਦੀ ਤੁਲਨਾ ਵਿੱਚ 3 ਗੁਣਾ ਵੱਧ ਹੈ



। ਪੂਰੇ ਸਾਲ ਵਿੱਚ ਦਰਾਮਦ 45 ਲੱਖ ਗੰਢਾਂ ਤੱਕ ਪਹੁੰਚ ਸਕਦਾ ਹੈ, ਜੂਨ ਤੱਕ ਦਾ ਰਿਕਾਰਡ ਪੱਧਰ ਹੋਵੇਗਾ।

ਮਾਹਿਰਾਂ ਦਾ ਕਹਿਣਾ ਹੈ ਕਿ ਦਰਾਮਦ ਡਿਊਟੀ ਜ਼ੀਰੋ ਹੋਣ ਨਾਲ ਮਿੱਲਾਂ ਨੇ ਵਿਦੇਸ਼ੀ ਕਪਾਹ ਦੀ ਵੱਡੀ ਬੁਕਿੰਗ ਕੀਤੀ ਹੈ। ਉਥੇ ਹੀ ਮੈਨ ਮੇਡ ਫਾਈਬਰ ਦੇ ਉਤਪਾਦਨ ਵਿੱਚ ਤੇਜ਼ੀ ਅਤੇ ਕਪਾਹ ਦੀ ਖਪਤ ਵਿੱਚ ਕਮੀ ਵੀ ਵੇਖੀ ਜਾ ਰਹੀ ਹੈ।

ਸੀ. ਏ. ਆਈ. ਪ੍ਰਧਾਨ ਅਤੁੱਲਐਸ. ਗੁਣਾਤਰਾ ਮੁਤਾਬਕ ਇਸ ਸਾਲ ਉਤਪਾਦਨ ਵਿੱਚ ਲਗਭਗ 2 ਫੀਸਦੀ ਦੀ ਗਿਰਾਵਟ ਆਵੇਗੀ, ਜਦੋਂਕਿ ਦਰਾਮਦ 25-45 ਲੱਖ ਗੰਢਾਂ ਵਿਚਾਲੇ ਰਹਿ ਸਕਦੀ ਹੈ। ਉਨ੍ਹਾਂ ਕਿਹਾ ਕਿ ਮਿੱਲਾਂ ਕੋਲ ਲਗਭਗ 4 ਮਹੀਨਿਆਂ ਦੀ ਖਪਤ ਦੇ ਬਰਾਬਰ ਸਟਾਕ ਰਹੇਗਾ।

ਇਸ ਸਾਲ ਲਗਭਗ 330-340 ਲੱਖ ਗੰਢਾਂ ਦੀ ਵੱਧ ਫ਼ਸਲ ਦੀ ਉਮੀਦ ਸੀ, ਪਰ ਪਿਛਲੇ ਮਹੀਨੇ ਪਏ ਜ਼ਿਆਦਾ ਮੀਂਹ ਅਤੇ ਚੱਕਰਵਾਤੀ ਤੂਫਾਨ ਮੋਂਥਾ ਕਾਰਨ ਫ਼ਸਲ ਨੂੰ ਕੁਝ ਨੁਕਸਾਨ ਹੋਇਆ ਹੈ ਅਤੇ ਕੁੱਲ ਉਤਪਾਦਨ ਪਿਛਲੇ ਸਾਲ ਦੀ ਤੁਲਨਾ ਵਿੱਚ ਥੋੜ੍ਹਾ ਘੱਟ ਹੈ।

## ਪੀ.ਏ.ਯੂ. ਵੱਲੋਂ ਹੜ੍ਹ ਪ੍ਰਭਾਵਿਤ ਕਿਸਾਨਾਂ ਲਈ ਬੀਜ ਵੰਡਣ ਦੀ ਮੁਹਿੰਮ ਨੂੰ ਭਰਪੂਰ ਹੁੰਗਾਰਾ

ਬੀਤੇ ਸਤੰਬਰ ਮਹੀਨੇ ਪੰਜਾਬ ਵਿੱਚ ਆਏ ਹੜ੍ਹਾਂ ਤੋਂ ਬਾਅਦ ਕਿਸਾਨਾਂ ਲਈ ਬੀਜ ਮੁਹੱਈਆ ਕਰਨ ਦੀ ਪੀ.ਏ.ਯੂ. ਦੀ ਮੁਹਿੰਮ ਨੂੰ ਚਾਰੇ ਪਾਸਿਓਂ ਹੁੰਗਾਰਾ ਮਿਲ ਰਿਹਾ ਹੈ। ਇਸ ਮੁਹਿੰਮ ਦਾ ਉਦੇਸ਼ ਹਾੜ੍ਹੀ ਦੀਆਂ ਫਸਲਾਂ ਦੀ ਬਿਜਾਈ ਲਈ ਹੜ੍ਹਾਂ ਦੀ ਮਾਰ ਹੇਠ ਆਏ ਕਿਸਾਨਾਂ ਨੂੰ ਕਣਕ ਅਤੇ ਸਰ੍ਹੋਂ ਦੇ ਬੀਜ ਦੇ ਕੇ ਉਹਨਾਂ ਦੀ ਖੇਤੀ ਨੂੰ ਪੈਰਾਂ ਸਿਰ ਕਰਨ ਦੀ ਸਾਰਥਕ ਕੋਸ਼ਿਸ਼ ਕਰਨਾ ਹੈ। ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਦੀ ਅਗਵਾਈ ਵਿੱਚ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਵੱਲੋਂ ਹੜ੍ਹ ਪ੍ਰਭਾਵਿਤ ਸੱਤ ਜ਼ਿਲ੍ਹਿਆਂ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਪਟਿਆਲਾ, ਫਿਰੋਜ਼ਪੁਰ, ਫਾਜ਼ਿਲਕਾ ਅਤੇ ਰੋਪੜ ਵਿੱਚ ਬੀਜ ਵੰਡਣ ਦੀ ਇਹ ਮੁਹਿੰਮ ਚਲਾਈ ਜਾ ਰਹੀ ਹੈ। ਕਣਕ ਦੀਆਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਪੀ ਬੀ ਡਬਲਯੂ 826, ਪੀ ਬੀ ਡਬਲਯੂ 725, ਪੀ ਬੀ ਡਬਲਯੂ 869, ਪੀ ਬੀ ਡਬਲਯੂ 766, ਪੀ ਬੀ ਡਬਲਯੂ 677, ਪੀ ਬੀ ਡਬਲਯੂ 824 ਅਤੇ ਪੀ ਬੀ ਡਬਲਯੂ ਜ਼ਿੰਕ 2 ਦਾ 725 ਕੁਇੰਟਲ ਬੀਜ ਵੰਡਿਆ ਜਾਵੇਗਾ। ਇਸ ਤੋਂ ਇਲਾਵਾ ਕਨੋਲਾ, ਗੋਭੀ ਸਰ੍ਹੋਂ ਦੀ ਕਿਸਮ ਜੀ ਐੱਸ ਸੀ-7 ਦਾ 5 ਕੁਇੰਟਲ ਬੀਜ ਵੀ ਇਹਨਾਂ ਜ਼ਿਲ੍ਹਿਆਂ ਦੇ ਲੋੜਵੰਦ ਕਿਸਾਨਾਂ ਨੂੰ ਮੁਫ਼ਤ ਮੁਹੱਈਆ ਕਰਵਾਇਆ ਜਾ ਰਿਹਾ ਹੈ।

## ਸੋਨਾਲੀਕਾ ਦੀ ਇੱਕ ਹੀ ਦਿਨ ਵਿੱਚ 350 ਟਰੈਕਟਰਾਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਡਲਿਵਰੀ

ਸੋਨਾਲੀਕਾ ਟਰੈਕਟਰਜ਼ ਨੇ ਬੰਗਲਾਦੇਸ਼ ਸਥਿਤ ਡਿਸਟਰੀਬਿਊਟਰ ਕੰਪਨੀ ਏ. ਸੀ. ਆਈ. ਮੋਟਰਜ਼ ਲਿਮਟਿਡ ਵੱਲੋਂ ਇੱਕ ਹੀ ਦਿਨ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਟਰੈਕਟਰ ਡਲਿਵਰੀ ਕਰਕੇ ਗਿਨੀਜ਼ ਵਰਲਡ ਰਿਕਾਰਡ ਵਿੱਚ




ਆਪਣਾ ਨਾਂ ਦਰਜ ਕਰਵਾਇਆ ਹੈ, ਜਿਸ ਨਾਲ ਕੰਪਨੀ ਦਾ ਵਿਸ਼ਵ ਪੱਧਰੀ ਵੱਕਾਰ ਹੋਰ ਮਜ਼ਬੂਤ ਹੋਇਆ। ਇਹ ਅਸਾਧਾਰਣ ਪ੍ਰਾਪਤੀ ਬੰਗਲਾਦੇਸ਼ ਦੇ ਦਿਨਾਜਪੁਰ ਵਿੱਚ 'ਸੋਨਾਲੀਕਰ ਬਿਸ਼ੋਜੋਆਏ' ਥੀਮ 'ਤੇ ਆਯੋਜਿਤ ਸ਼ਾਨਦਾਰ ਸਮਾਰੋਹ ਵਿੱਚ ਹਾਸਲ ਕੀਤੀ ਗਈ, ਜਿਸ ਵਿੱਚ 350 ਟਰੈਕਟਰਾਂ ਦੀ ਡਲਿਵਰੀ ਸਿਰਫ 4 ਘੰਟਿਆਂ ਵਿੱਚ ਕੀਤੀ ਗਈ।

ਇਸ ਪ੍ਰਾਪਤੀ 'ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਮੈਨੇਜਿੰਗ ਡਾਇਰੈਕਟਰ ਡਾ. ਦੀਪਕ ਮਿੱਤਲ ਨੇ ਕਿਹਾ ਕਿ ਸੋਨਾਲੀਕਾ ਦੀ ਵਿਰਾਸਤ ਇਸ ਦ੍ਰਿੜ ਵਿਸ਼ਵਾਸ ਤੋਂ ਪ੍ਰੇਰਿਤ ਹੈ ਕਿ ਭਾਰਤ ਦੀ ਉੱਤਮਤਾ ਦੁਨੀਆਂ ਨੂੰ ਪ੍ਰੇਰਿਤ ਕਰ ਸਕਦੀ ਹੈ ਅਤੇ ਇਸ ਲਈ ਸੋਨਾਲੀਕਾ ਦਾ ਹਰੇਕ ਟਰੈਕਟਰ ਭਾਰਤ ਦੀ ਕਿਫਾਇਤੀ ਇੰਜੀਨੀਅਰਿੰਗ ਵਿਸ਼ੇਸ਼ਤਾ ਹੈ।

ਖੇਤੀ ਦੁਨੀਆਂ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ ਲਈ 400/- ਰੁਪਏ
ਦੋ ਸਾਲ ਲਈ 700/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/-* ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com